# ਸਮਤਾ

ਮਈ 1982 (ਅੰਕ 24)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਮਈ 1982
ਮੁਲ — ਡੇਢ ਰੁਪਿਆ
24

## ਜਵਾਲਾ ਮੁਖੀ

(ਮਈ ਦਿਹਾੜੇ ਲਈ)

—ਪ੍ਰੀਤਮ ਬੇਲੀ

ਅਜ ਸਾਡੇ ਨਿੱਜੀ ਦੁਖਾਂਤ
ਓਸ ਮਹਾਂ ਦੁਖਾਂਤ ਦਾ ਹਿੱਸਾ ਬਣ ਗਏ ਨੇ
ਜੋ ਸਾਡਾ ਅਜ ਦਾ ਦੇਸ਼ ਹੈ—ਹਿੰਦੁਸਤਾਨ !

ਸਾਡਾ ਦੇਸ਼ ਬੜਾ ਬੀਮਾਰ ਏ, ਦੋਸਤੋ !
ਕੋਈ ਵੈਦ ਨਹੀਂ, ਹਕੀਮ ਨਹੀਂ,
ਹਿਕਮਤ ਵਿਚ ਕੋਈ ਤਰਮੀਮ ਨਹੀਂ !

ਚੋਰਾਂ ਦਾ ਜੁੱਗ ਏ
ਚਕਾਰੀ ਵਿਚ ਬਰਕਤ,
ਸ਼ਰੀਕਾਂ ਦੀ ਸ਼ਰਾਰਤ ਵਿਚ
ਮਿਟ ਗਈ ਹਰ ਸ਼ਿਰਕਤ,
ਨਾਅਰਿਆਂ ਦੀ ਬੇਵਫ਼ਾਈ ਵਿਚ
ਰੁੱਲੀ ਲੋਕ ਲਹਿਰ
ਜਿਉਂਦੀ ਏ ਦੁਸ਼ਟਾਂ ਦੀ ਹਰ ਹਰਕਤ !

ਸਾਡੇ ਧੁਆਂਖੇ ਸੁਪਨਿਆਂ ਵਿਚ ਅਜ
ਕੋਈ ਸੂਰਜ ਨਹੀਂ ਬਲਦਾ,
ਕੋਈ ਪੂਰਨਮਾਸ਼ੀ ਨਾ ਚਮਕੇ
ਸਾਡੀ ਮਸਿਆ ਦੇ ਹਨੇਰੇ ਵਿਚ,
ਤਾਰਿਆਂ ਦੇ ਦੀਵੇ ਵੀ
ਕਾਲਖ ਦੇ ਬੱਦਲ ਖਾ ਗਏ ਨੇ ।

ਬਸ ਟਾਂਵੇਂ ਟਾਂਵੇਂ ਸੁਪਨਿਆਂ ਦੇ ਟਟਹਿਣੇ ਨੇ,
ਪੱਲ ਭਰ ਜੱਗ ਕੇ ਬੁੱਝ ਜਾਂਦੇ ਨੇ ।

ਬੜੀ ਕਹਿਰੀ ਰਾਤ ਏ
ਅਜ ਸਾਡੀ ਹੋਂਦ ਦੀ,
ਬੜੀ ਲੰਮੀ ਰਾਤ ਏ
ਅਜ ਭੁੱਖੀ ਹੋਂਦ ਦੀ,
ਬੜੀ ਗਹਿਰੀ ਰਾਤ ਏ
ਅਜ ਗੁਆਚੀ ਹੋਂਦ ਦੀ !

ਲੋੜ ਏ—
ਅਜ ਦੀ ਰਾਤ ਕੋਈ ਸੂਰਜ ਬੀਜੋ !

ਠੰਡੇ ਚੁਲ੍ਹਿਆਂ ਵਿਚ
ਰੋਟੀ ਦੇ ਬੀ ਬੀਜੋ !
ਖਿਆਲਾਂ ਦੇ ਖੇਤਾਂ ਵਿਚ
ਭਵਿਖ ਦੇ ਬੀ ਬੀਜੋ !

ਬੰਦ ਜ਼ੁਬਾਨਾ ਵਿਚ
ਬੋਲਾਂ ਦੇ ਬੀ ਬੀਜੋ !

ਬੁੱਝੇ ਚਿਰਾਗ਼ਾਂ ਵਿਚ
ਲੋਅ ਦੇ ਬੀ ਬੀਜੋ !

ਬੰਦ ਬੂਹਿਆਂ 'ਤੇ
ਦਸਤਕ ਦੇ ਬੀ ਬੀਜੋ !

ਗੁਆਚੀ ਨੀਂਦਰ ਵਿਚ
ਜਾਗ ਦੇ ਬੀ ਬੀਜੋ !

ਜਾਗਦੇ ਸੁਪਨਿਆਂ ਵਿਚ
ਵਿਦਰੋਹ ਦੇ ਬੀ ਬੀਜੋ !

ਲੋਕ-ਲਹਿਰ ਦੇ ਸਿਆੜਾਂ ਵਿਚ
ਤੇਗਾਂ ਤਲਵਾਰਾਂ ਬੀਜੋ !

(ਬਾਕੀ ਸਫਾ 2 ਤੇ)

## ਇਸ ਅੰਕ ਵਿਚ :

ਸੰਪਾਦਕੀ : ਮਈ ਦਿਨ ਦਾ ਚੈਲਿੰਜ, ਧਰਮ ਅਤੇ ਅਮਲ, ਸਾਹਿਤ ਤੇ ਰਾਜਨੀਤੀ, ਵਹਿਸ਼ੀਪੁਣੇ ਦਾ ਨੰਗਾ ਨਾਚ
ਕਹਾਣੀ : ਵੱਡੇ ਸਾਹਿਬ ਦਾ ਚਪੜਾਸੀ.
ਕਵਿਤਾਵਾਂ : ਸਿੰਦੋ ਭੱਠਲ, ਸੁਰਜੀਤ ਬਰਾੜ, ਜਸਵਿੰਦਰ ਗਿੱਲ, ਰਾਜਕੁਮਾਰ ਸੈਨੀ.
ਕੁਝ ਸਕੈਚ : ਸੁਖਵੰਤ ਕੌਰ ਮਾਨ.
ਕਹਾਣੀ ਸਿਗ੍ਰਟ ਲਾਲ ਦੀ : ਪ੍ਰੋ. ਭਾਰਦਵਾਜ.
ਸਾਹਿਤ ਉਤੇ ਸਰਕਾਰੀ ਸਰਪਰਸਤੀ : ਪ੍ਰੋ. ਅਜਮੇਰ ਸਿੰਘ.
ਪਾਠਕ ਲੇਖਕ ਫੋਰਮ : ਬਚਨ ਸਿੰਘ ਸ਼ਰਮਾ, ਸਬਿੰਦਰਜੀਤ ਸਾਗਰ, ਹਰੀਸ਼ ਮਲਹੋਤਰਾ ਤੇ ਹਰਜਿੰਦਰਮੀਤ

(ਸਫ਼ਾ 1 ਦੀ ਬਾਕੀ)
ਸੰਗਰਾਮ ਦੇ ਰਾਹਾਂ 'ਤੇ
ਸ਼ਹਾਦਤ ਦੇ ਸੀਸ ਸਜਾਓ !
ਸ਼ਹਾਦਤ ਦੀਆਂ ਤਲੀਆਂ 'ਤੇ
ਸੂਹੀ ਸਵੇਰ ਉਗਾਓ !
ਸੂਹੀ ਸਵੇਰ 'ਚ
ਭਵਿਖ਼ ਦੀ ਨੀਝ ਉਗਾਓ !
ਸਾਡੀ ਧਰਮ-ਭੂਮੀ—ਹਿੰਦੁਸਤਾਨ
ਅਜ ਇਕ ਭਰਮ-ਭੂਮੀ ਬਣ ਚੁੱਕੀ ਏ—ਦੋਸਤੋ !
ਕੁਝ ਅਜਿਹੇ ਕਰਮ ਕਮਾਓ
ਕਿ ਗੌਰਵ ਦੇ ਸਰੂ ਉੱਗਣ
ਤੇ ਨੀਝ ਭਵਿਖ਼ ਵਲ ਝਾਕੇ,
ਸੂਝ ਦੇ ਸਾਗਵਾਨ ਉੱਗਣ
ਤੇ ਦੁੱਖਾਂ ਦੇ ਮਿਟ ਜਾਣ ਸਾਕੇ !
ਭਰਮ-ਭੂਮੀ ਦੇ ਏਸ ਜੰਗਲ ਵਿਚ
ਕਰਮ-ਭੂਮੀ ਦੇ ਰਾਹ ਬਣਾਓ !
ਧੁੰਦਲੇ ਰਾਹਾਂ ਨੂੰ ਰੌਸ਼ਨ ਕਰੋ
ਸਾਹਾਂ ਦੀਆਂ ਮਸ਼ਾਲਾਂ ਬਾਲੋ !
ਹੋਂਦ ਦੇ ਮਾਰੂਥਲ ਵਿਚ
ਮ੍ਰਿਗ-ਜਲ ਦੇ ਸੁਪਨੇ ਬਾਲੋ !
ਬਰਫ਼ੀਲੀ ਚੋਟੀਆਂ 'ਤੇ
ਪ੍ਰਚੰਡ ਜਵਾਲਾ ਬਾਲੋ !
ਰਾਤ ਬੜੀ ਕਹਿਰੀ ਏ
ਇਹ ਅਜ ਦੀ ਰਾਤ,
ਅਜ ਦੀ ਰਾਤ
ਸਾਰੇ ਸੁਪਨੇ ਬਾਲੋ ! o

# ਸੰਪਾਦਕੀ

## *1-ਮਈ ਦਿਨ ਦਾ ਚੈਲਿੰਜ*

ਵੀਹਵੀਂ ਸਦੀ ਦਾ ਅਖੀਰ, ਮਨੁੱਖ ਚੰਨ ਤੇ ਪੁੱਜ ਗਿਆ ਹੈ। ਮਨੁੱਖ ਨੇ ਕੁਦਰਤ ਦੇ ਭੇਤਾਂ ਨੂੰ ਵਧ ਤੋਂ ਵਧ ਜਾਣ ਲਿਆ ਹੈ। ਪਰ ਦੁਨੀਆਂ ਦੀ ਅਧਿਓਂ ਵੱਧ ਆਬਾਦੀ ਜਿਸ ਵਿਚ ਹਿੰਦੋਸਤਾਨ ਦੇ ਕ੍ਰੋੜਾਂ ਲੋਕ ਆਂਦੇ ਹਨ, ਹਾਲੀ ਵੀ ਜ਼ਿੰਦਗੀ ਦੀਆਂ ਨਿਯਮਤਾਂ ਤੋਂ ਕੋਹਾਂ ਦੂਰ, ਕਚਿਆਂ ਵਿਚ, ਚਿੱਕੜ ਵਿਚ, ਹਨੇਰੇ ਵਿਚ ਜੀ ਰਹੀ ਹੈ। ਸਵਾਲ ਬੜੇ ਉਠਦੇ ਹਨ। ਕੀ ਅਜ ਤੋਂ ਸੌ ਸਾਲ ਪਹਿਲਾਂ ਸ਼ਿਕਾਗੋ ਦੀਆਂ ਗਲੀਆਂ ਵਿਚ ਮੇਹਨਤਕਸ਼ ਲੋਕਾਂ ਡੁਲ੍ਹਿਆ ਲਹੂ ਅਜਾਈਂ ਗਿਆ ਹੈ ? ਪਹਿਲੇ ਪਰੋਲਤਾਰੀ ਇਨਕਲਾਬ ਨੂੰ ਹੋਂਦ ਵਿਚ ਆਇਆਂ 65 ਸਾਲ ਤੋਂ ਵਧ ਸਮਾਂ ਹੋ ਗਿਆ ਹੈ, ਇਹ ਪਰੋਲਤਾਰੀ ਇਨਕਲਾਬ ਸੰਸਾਰ ਇਨਕਲਾਬ ਵਿਚ ਕਿਉਂ ਨਹੀਂ ਬਦਲ ਸਕਿਆ ? ਸੰਸਾਰ ਇਨਕਲਾਬ ਜੋ ਦੂਜੀ ਵਡੀ ਜੰਗ ਵਿਚ ਫਾਸ਼ੀਆਂ ਦੀ ਫੈਸਲਾਕੁਨ ਹਾਰ ਤੋਂ ਬਾਅਦ ਏਜੈਂਡਾ ਤੇ ਆ ਗਿਆ ਸੀ, ਉਹ 37 ਸਾਲ ਬਾਅਦ ਹਾਲੇ ਵੀ ਛਲਾਵਾ ਜਿਹਾ ਕਿਉਂ ਦਿਸਦਾ ਹੈ ? ਪੋਲੈਂਡ ਵਰਗੇ ਪਰੋਲਤਾਰੀ ਹਕੂਮਤ ਵਾਲੇ ਆਪਣੇ ਦੇਸ਼ ਵਿਚ ਪਰੋਲਤਾਰੀ ਜਮਾਤ ਨੂੰ ਆਪਣੇ ਹੱਕਾਂ ਲਈ ਸੰਘਰਸ਼ ਦੇ ਰਾਹ ਤੇ ਤੁਰਨ ਤੇ ਮਜਬੂਰ ਹੋਣਾ ਪੈਂਦਾ ਹੈ ਤਾਂ ਸਿਰ ਜੋੜ ਕੇ ਬਹਿਨ ਦੀ ਮੰਗ ਅਜ ਮਈ ਦਿਨ ਦੀ ਮੰਗ ਹੈ ਅਤੇ ਇਹੀ ਮਈ ਦਿਨ ਦਾ ਚੈਲਿੰਜ ਹੈ।

—ਲੁਧਿਆਨਾ ਵਿਖੇ ਭੂਤਰਿਆ ਹੋਇਆ ਮਿਲ ਮਾਲਕ ਜਾਂ ਉਹਦਾ ਮੈਨੇਜਰ ਖੁਲ੍ਹੇ-ਆਮ ਪਿਸਤੌਲ ਦੀ ਗੋਲੀ ਨਾਲ ਦੋ ਮਜ਼ਦੂਰ ਆਗੂਆਂ ਨੂੰ ਮਾਰ ਸਕਦਾ ਹੈ। ਮਜ਼ਦੂਰ ਡਰਨ ਦੀ ਥਾਂ ਉਸ ਮੈਨੇਜਰ ਨੂੰ ਥਾਂ ਤੇ ਮਾਰਦੇ ਹਨ। ਮਿਲ ਮਾਲਕ ਜੋ ਦੇਸ਼ ਦੇ ਬਣੇ ਹੋਏ ਉਹ ਸਾਰੇ ਕਾਨੂੰਨ, ਜਿਹੜੇ ਮਜ਼ਦੂਰ ਜਮਾਤ ਨੇ ਲੰਮੇ ਸੰਘਰਸ਼ ਬਾਅਦ ਜਿਤੇ ਹੁੰਦੇ ਹਨ, ਉਹਨਾਂ ਨੂੰ ਤੋੜਦੇ ਹਨ। ਸੰਘਰਸ਼ ਕਰ ਰਹੇ ਮਜ਼ਦੂਰਾਂ ਨੂੰ ਜ਼ਰਖਰੀਦ ਗੁੰਡਿਆਂ ਕੋਲੋਂ ਕੁਟਵਾਂਦੇ ਹਨ। ਫੇਰ ਮਜ਼ਦੂਰ ਜਮਾਤ ਵੀ ਆਪਣੀ ਰਾਖੀ ਲਈ ਲਾਠੀਆਂ ਚੁੱਕਦੀ ਹੈ। ਖੂਨ ਦਾ ਬਦਲਾ ਖੂਨ ਦਾ ਨਾਅਰਾ ਦੇਂਦੀ ਹੈ ਤਾਂ ਸਹੀ ਸ਼ਬਦਾਂ ਵਿਚ ਉਹ ਮਈ ਦਿਨ ਦੇ ਚੈਲਿੰਜ ਨੂੰ ਕਬੂਲਦੀ ਹੈ।

—ਮਧਿਆ ਪ੍ਰਦੇਸ਼ ਦੇ ਖਾਨ ਮਜ਼ਦੂਰ ਮਹੀਨੇ ਭਰ ਤੋਂ ਹੜਤਾਲ ਤੇ ਹੋਣ। ਜ਼ਿੰਦਗੀ ਮੌਤ ਦਾ ਸੰਘਰਸ਼ ਲੜ ਰਹੇ ਹੋਣ। ਉਹਨਾਂ ਦੇ ਹਲਕੇ ਦਾ ਚੁਣਿਆ ਹੋਇਆ ਐਮ. ਪੀ. ਦਿੱਲੀ ਦੇ ਬੰਗਲਿਆਂ ਵਿਚ ਅਯਾਸ਼ੀ ਕਰ ਰਿਹਾ ਹੋਵੇ। ਦੋ ਨੌਜਵਾਨ ਉਹਦੇ ਬੰਗਲੇ ਵਿਚ ਹਵਾਈ ਫਾਇਰ ਕਰਕੇ ਉਸ ਨੂੰ ਜਿਚ ਕਰਵਾਉਣ ਕਿ ਅਸੀਂ ਤੈਨੂੰ ਇਸ ਤਰ੍ਹਾਂ ਅਰਾਮ ਨਾਲ ਐਸ਼ ਨਹੀਂ ਕਰਨ ਦੇਵਾਂਗੇ। ਜੇ ਲੱਖਾਂ ਦੀ ਨੀਂਦ ਹਰਾਮ ਹੋਈ ਹੈ, ਤੇਰੀ ਨੀਂਦ ਵੀ ਹਰਾਮ ਕਰਾਂਗੇ। ਨਾ ਸੋਵਾਂਗੇ ਤੇ ਨਾ ਸੌਣ ਦੇਵਾਂਗੇ ਤਾਂ ਇਹ ਮਈ ਦਿਨ ਦਾ ਚੈਲਿੰਜ ਕਬੂਲਨ ਦੇ ਹੀ ਆਸਾਰ ਹਨ।

—ਖੰਨਾ ਵਿਚ, ਅਮ੍ਰਿਤਸਰ, ਵਿਚ ਮਿਲ ਮਾਲਕਾਂ ਅਤੇ ਮਜਦੂਰਾਂ ਦੇ ਝਗੜੇ ਵਿਚ ਮਜ਼ਦੂਰਾਂ ਨੂੰ ਫੜਕੇ ਥਾਨੇ ਲੈ ਆਂਦਾ ਜਾਏ ਤੇ ਉਹਨਾਂ ਦੇ ਮਗਰ ਹੀ ਹਜ਼ਾਰਾਂ ਦੀ ਗਿਣਤੀ ਵਿਚ ਮਜ਼ਦੂਰ ਆ ਕੇ ਥਾਨੇ ਨੂੰ ਘੇਰ ਲੈਣ, ਸੜਕ ਤੇ ਟਰੈਫਿਕ ਜੈਮ ਕਰ ਦੇਣ ਅਤੇ ਆਪਣੇ ਸਾਥੀਆਂ ਦੀ ਰਿਹਾਈ ਕਰਵਾ ਲੈਣ ਤਾਂ ਇਹ ਸਪਸ਼ਟ ਹੈ ਕਿ ਮਜ਼ਦੂਰ ਜਮਾਤ ਮਈ ਦਿਨ ਦੇ ਚੈਲਿੰਜ ਨੂੰ ਕਬੂਲਨ ਦੇ ਰੌਂ ਵਿਚ ਹੈ।

ਪਰ ਜਦੋਂ ਮਜ਼ਦੂਰ ਜਮਾਤ ਦੇ ਆਗੂ

ਸਿਰ ਜੋੜ ਕੇ ਬੈਠਨ ਦੀ ਥਾਂ ਇਸ ਗਲੋਂ 'ਸਿਧਾਂਤਕ ਮਤ ਭੇਦ' ਲੈ ਬੈਠਦੇ ਹਨ ਕਿ

* ਹਿੰਦੋਸਤਾਨ ਦੀ ਸਟੇਟ ਦਾਂ ਖਾਸਾ ਕੀ ਹੈ ?
* ਰੂਸ ਸਾਮਰਾਜੀ ਤਾਕਤ ਹੈ ਜਾਂ ਸੋਸ਼ਲਿਸਟ ਤਾਕਤ ਹੈ ?
* ਚੀਨ ਪਸਾਰਵਾਦੀ ਜਾਂ ਸੋਸ਼ਲਿਸਟ ਹੈ ?
* ਕੰਮੋਡੀਆ ਵਿਚ ਵੀਅਤਨਾਮ ਨੇ ਹਮਲਾ ਕੀਤਾ ਹੈ ਜਾਂ ਚੀਨ ਨੇ ?
* ਪ੍ਰੋਲਤਾਰੀ ਦਾ ਵੱਡਾ ਦੁਸ਼ਮਣ ਰੂਸ ਹੈ ਜਾਂ ਅਮਰੀਕਾਂ ?
* ਕੀ ਇੰਦਰਾ ਸਰਕਾਰ ਤਾਨਾਸ਼ਾਹੀ ਵਾਲੀ ਹੈ ਜਾਂ ਨਹੀਂ ? ਇਹਦੀ ਬਦੇਸ਼ੀ ਨੀਤੀ ਸੰਸਾਰ ਇਨਕਲਾਬ ਦੇ ਹੱਕ ਵਿਚ ਹੈ ਜਾਂ ਨਹੀਂ ?
* ਭਾਰਤੀਆ ਜਨਤਾ ਪਾਰਟੀ (ਜਨ ਸੰਗ) ਹੈ ਤਾਂ ਪਿਛਾਂਖਿਚੂ ਤਾਕਤ ਪਰ ਇੰਦਰਾ ਦੀ ਤਾਨਾਸ਼ਾਹੀ ਦੇ ਵਿਰੁਧ ਇਹ ਦੋਸਤ ਤਾਕਤ ਹੈ ਜਾਂ ਨਹੀਂ ?

ਤਾਂ ਸਪਸ਼ਟ ਹੈ ਕਿ ਉਹ ਮਈ ਦਿਨ ਦੇ ਚੈਲਿੰਜ ਨੂੰ ਕਬੂਲ ਨਹੀਂ ਕਰ ਰਹੇ। ਇਹ ਸਿਧਾਂਤਕ ਮਤਭੇਦ ਹੁੰਦਿਆਂ ਹੋਇਆਂ ਵੀ ਜੇਕਰ ਅਸੀਂ ਸਿਆਸਤ ਨੂੰ ਥੋੜਾ ਜਿਹਾ ਸਾਦਾ ਬਣਾ ਦੇਈਏ ਤੇ ਹਿੰਦੋਸਤਾਨ ਦੇ ਕਰੋੜਾਂ ਗਰੀਬਾਂ ਦੀ ਮੋਟੀ ਪਰ ਪਰੈਕਟੀਕਲ ਸਮਝ ਅਨੁਸਾਰ ਹੀ ਸੋਚ ਲਈ ਤਾਂ ਬੜਿਆਂ ਸਵਾਲਾਂ ਦੇ ਜਵਾਬ ਇਕਦਮ ਮਿਲ ਜਾਣਗੇ।

* ਹਿੰਦੋਸਤਾਨ ਦੀ ਸਟੇਟ ਦਾ ਖਾਸਾ ਮਜ਼ਦੂਰ ਦੁਸ਼ਮਣ, ਗਰੀਬ ਦੁਸ਼ਮਣ ਹੈ। ਇਹ ਰੋਜ਼ ਦੀ ਜ਼ਿੰਦਗੀ ਹੈ, ਜਿਸ ਵਿਚ ਗਰੀਬ ਹਰ ਥਾਂ ਜ਼ਲੀਲ ਕੀਤਾ ਜਾਂਦਾ ਹੈ। ਇਸ ਸਟੇਟ ਦੇ ਵਿਰੁਧ ਗਰੀਬ ਨੂੰ, ਮੇਹਨਤਕਸ਼ ਜਮਾਤ ਨੂੰ ਲਾਮਬੰਦ ਕਰਨਾ ਹੈ। ਕੀ ਇਸ ਵਿਚ ਕਿਸੇ ਵਾਦਵਿਵਾਦ ਦੀ ਗੁੰਜਾਇਸ਼ ਹੈ ?
* ਰੂਸ ਨੇ ਹਿੰਦੋਸਤਾਨ ਦੇ ਕਰੋੜਾਂ ਦੀ ਨਿਜਾਤ ਵਿਚ ਕੋਈ ਵਿਸ਼ੇਸ਼ ਹਿੱਸਾ ਨਹੀਂ ਪਾਉਣਾ। ਸਾਨੂੰ ਆਪਣੀ ਲੜਾਈ ਆਪਣੇ ਮੋਢਿਆਂ ਤੇ ਲੜਨੀ ਪੈਣੀ ਹੈ। ਇਸ ਲੜਾਈ ਵਿਚ ਰੂਸ 'ਹਾਂ ਪੱਖੀ' ਜਾਂ 'ਨਾਂ ਪੱਖੀ' ਰੋਲ ਅਦਾ ਕਰਦਾ ਹੈ ਤਾਂ ਅਸੀਂ ਇਹਦੇ ਬਾਰੇ ਫੈਸਲਾ ਲੈ ਲਵਾਂਗੇ। ਏਜੰਡਾ ਆਪਣੀ ਲੜਾਈ ਦਾ ਹੈ, ਰੂਸ ਦੀ ਭੂਮਿਕਾ ਦਾ ਨਹੀਂ। ਏਜੰਡਾ ਤੋਂ ਬਾਹਰ ਜਾਣਾ ਸਿਆਣਪ ਨਹੀਂ।
* ਚੀਨ ਦੇ ਆਪਣੇ ਘਰੇਲੂ ਮਸਲੇ ਹੀ ਬਥੇਰੇ ਹਨ। ਉਹ ਸਾਡੇ ਦੇਸ਼ ਦੀ ਰਾਜਨੀਤੀ ਵਿਚ ਕੋਈ ਅਸਰ ਨਹੀਂ ਪਾ ਰਿਹਾ। ਪਰੋਲਤਾਰੀ ਦੀ ਵਡੀ ਦੁਸ਼ਮਣ ਇਥੋਂ ਦੀ ਵਡੀ ਸਰਮਾਏਦਾਰੀ ਅਤੇ ਅਜਾਰੇਦਾਰੀ ਹੈ। (ਜੇ ਕੋਈ ਭੁਲੇਖਾ ਹੈ ਤਾਂ ਇਸ ਅੰਕ ਵਿਚ ਪ੍ਰੋ: ਭਾਰਦਵਾਜ ਦੇ ਸੀਮਟ ਬਾਰੇ ਤੇ ਇਸ ਤੋਂ ਪਹਿਲੇ ਪੈਟਰੋਲ ਅਤੇ ਖੰਡ ਬਾਰੇ ਲੇਖਾਂ ਨੂੰ ਪੜ੍ਹਕੇ ਇਹ ਭੁਲੇਖਾ ਦੂਰ ਕਰ ਲਿਆ ਜਾਏ)। ਸਿਧਾ ਸਵਾਲ ਹੈ। ਚੀਨ ਇਸ ਲੜਾਈ ਵਿਚ ਕਿਥੇ ਆਂਦਾ ਹੈ ? ਜੇ ਬਦੋਬਦੀ ਸੰਸਾਰ ਪਧਰ ਤੇ ਮੁੱਖ ਵਿਰੁੱਧਤਾਈ ਲਭਦੇ ਲਭਦੇ ਲੈ ਆਈਏ ਤਾਂ ਵੱਖਰੀ ਗੱਲ ਹੈ।
* ਸਾਡਾ ਵੱਡਾ ਦੁਸ਼ਮਣ ਨਾ ਰੂਸ ਹੈ ਨਾ ਅਮਰੀਕਾ। ਵਡੀ ਦੁਸ਼ਮਣ ਸਾਡੀ ਇਥੋਂ ਦੀ ਅਜਾਰੇਦਾਰੀ ਹੈ ਤੇ ਜਿਹੜਾ ਵੀ ਉਹਦੀ ਮਦਦ ਕਰਦਾ ਹੈ ਉਹ ਸਾਡਾ ਵਡਾ ਦੁਸ਼ਮਣ ਹੈ। ਕੀ ਲੜਾਈ ਦੇ ਇਸ ਪੜਾਅ ਤੇ ਇਹ ਨਿਰਨਾ ਕਾਫੀ ਨਹੀਂ ?
* ਇੰਦਰਾ ਸਰਕਾਰ ਦੀਆਂ ਨੀਤੀਆਂ ਮਜ਼ਦੂਰ ਦੁਸ਼ਮਣ ਹਨ। ਮਜ਼ਦੂਰ ਜਮਾਤ ਵਿਰੁੱਧ ਬਣੇ ਸਾਰੇ ਕਾਨੂੰਨ ਇਸਨੂੰ ਸਪਸ਼ਟ ਕਰਦੇ ਹਨ। ਬਦੇਸ਼ੀ ਨੀਤੀ ਇਸ ਮੁਲਕ ਦੀ ਅਜਾਰੇਦਾਰੀ ਦੀ ਮੌਕਾਪ੍ਰਸਤ ਨੀਤੀ ਹੈ ਤੇ ਜਿਹੜੀ ਨੀਤੀ ਅਜਾਰੇਦਾਰੀ ਦੀ ਨੀਤੀ ਹੋਵੇ, ਉਹ ਸੰਸਾਰ ਇਨਕਲਾਬ ਦੇ ਹਿੱਤ ਵਿਚ ਜਾਂ ਦੇਸ਼ ਦੀ ਮਜ਼ਦੂਰ ਜਮਾਤ ਦੀ ਹਿੱਤ ਵਿਚ ਕਿਸ ਤਰ੍ਹਾਂ ਹੋ ਸਕਦੀ ਹੈ ? ਕੀ ਇਸ ਵਿਚ ਕੋਈ ਅਗੇ ਵਿਚਾਰ ਵਟਾਂਦਰੇ ਦੀ ਲੋੜ ਹੈ ?
* ਭਾਰਤੀ ਜੰਤਾ ਪਾਰਟੀ ਦੀ ਸਾਰੀ ਬੁਨਿਯਾਦ ਹੀ 'ਹਿੰਦੂ ਰਾਸ਼ਟਰ' ਤੇ ਹੈ। ਇਸਦਾ ਇਹ ਖਾਸਾ ਹੀ ਇਸਨੂੰ ਤਾਨਾਸ਼ਾਹੀ ਦਾ ਕਿਰਦਾਰ ਦੇਂਦਾ ਹੈ। ਇਹ ਇੰਦਰਾ ਦੀ ਤਾਨਾਸ਼ਾਹੀ ਦੇ ਵਿਰੁਧ ਹੋ ਸਕਦਾ ਹੈ। ਉਹਦੀ ਥਾਂ ਇਹ ਆਪਣੀ 'ਹਿੰਦੂ ਰਾਸ਼ਟਰ' ਦੇ ਖਾਸੇ ਦੀ ਤਾਨਾਸ਼ਾਹੀ ਕਾਇਮ ਕਰਨਾ ਚਾਹੁੰਦੀ ਹੈ। ਇਹ ਨਾਂ ਹੀ ਗਰੀਬਾਂ ਦੇ ਹਿੱਤ ਵਿਚ ਅਤੇ ਨਾਂ ਹੀ ਜਮਹੂਰੀਅਤ ਦੇ ਹੱਕ ਵਿਚ ਦੋਸਤ ਤਾਕਤ ਸਾਬਤ ਹੋ ਸਕਦੀ ਹੈ। ਕੀ ਇਹ ਸਪਸ਼ਟ ਸਿਆਸਤ ਨਹੀਂ ?

ਇਹ ਮੋਟੇ ਮੋਟੇ ਨਿਰਨੇ ਹਨ। ਬਹੁਤੇ ਅਸੀਂ ਇਹਦੇ ਨਾਲ ਸਹਿਮਤ ਹੋ ਸਕਦੇ ਹਾਂ। ਇਕ ਦੂਜੇ ਦੀ ਤਾਕਤ ਨੂੰ ਖੋਰੀਏ ਨਾ। ਜੇ ਕੰਮ ਹੀ ਕਰਨਾ ਹੈ ਤਾਂ ਨਵੇਂ ਖੇਤਰਾਂ ਵਿਚ ਜਾਈਏ, ਬਹੁਤੀ ਪਰੋਲਤਾਰੀ ਜਮਾਤ ਕਿਸੇ ਵੀ ਜਥੇਬੰਦੀ ਦੇ ਘੇਰੇ ਤੋਂ ਬਾਹਰ ਹੈ। ਉਸ ਨੂੰ ਜਥੇਬੰਦ ਕਰਨ ਤੇ ਆਪਣੀ ਤਾਨ ਲਗਾਈਏ। ਵੇਲਾ ਸਿਰ ਜੋੜਨ ਦਾ ਹੈ, ਸਿਰ ਫੋੜਨ ਦਾ ਨਹੀਂ। ਬੜੇ ਸਾਲ ਖੱਬੀਆਂ ਤਾਕਤਾਂ ਨੇ ਇਕ ਦੂਜੇ ਵਲ ਈਰਖਾਲੂ ਰਵਈਏ ਨਾਲ ਸਿਆਸਤ ਚਲਾ ਕੇ ਵੇਖ ਲਿਆ ਹੈ। 'ਮਈ ਦਿਨ' ਦੇ ਪੋਸਟਰਾਂ ਵਿਚ ਅਸੀਂ ਇਕ ਦੂਜੇ ਨੂੰ 'ਫੁੱਟਪਾਊ ਟੋਲਾ' 'ਗ਼ਦਾਰਾਂ ਦੀ ਜੁੰਡਲੀ' ਕਹਿਕੇ ਵੇਖ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 80 ਰੁ: ।

ਲਿਆ ਹੈ। ਹੁਣ ਇਸ ਪ੍ਰੈਕਟਿਸ ਨੂੰ ਉਲਟ ਕਰੀਏ। ਜੋ ਆਪ ਕਰ ਰਹੇ ਹਾਂ ਉਹੀ ਲੋਕਾਂ ਨੂੰ ਦਸੀਏ। ਜੋ ਹੋਰ ਕਰ ਰਹੇ ਹਨ ਜਾਂ ਨਹੀਂ ਕਰ ਰਹੇ ਹਨ, ਉਹਨਾਂ ਬਾਰੇ ਚਾਨਣ ਪਾਉਣ ਦੀ ਥਾਂ ਜੋ ਆਪ ਕਰ ਰਹੇ ਹਾਂ, ਉਹਦੇ ਉਤੇ ਚਾਨਣ ਪਾਈਏ। ਮਤਭੇਦ ਹਨ, ਕੋਈ ਵੀ ਇਸ ਤੋਂ ਇਨਕਾਰੀ ਨਹੀਂ। ਵਡੇ ਮਤਭੇਦ ਹਨ। ਉਹਨਾਂ ਦੀਆਂ ਬੁਨਿਯਾਦਾਂ ਹਨ। ਇਹਨਾਂ ਉਤੇ ਵਾਦਵਿਵਾਦ ਦਲੀਲਾਂ ਦੇ ਸਿਰ ਤੇ ਹੋਣਾ ਚਾਹੀਦਾ ਹੈ। ਚਿਕੜ ਉਛਾਲੀ ਜਾਂ ਟਿਚਕਰ ਇਸ ਵਾਦਵਿਵਾਦ ਲਈ ਕੋਈ ਚੰਗੇ ਹਥਿਆਰ ਸਾਬਤ ਨਹੀਂ ਹੋਏ। ਸਿਰ ਜੋੜਨ ਦੀ ਪ੍ਰੈਕਟਿਸ ਅਪਣਾਈਏ। ਕ੍ਰੋੜਾਂ ਗਰੀਬ ਖੱਬੀ ਲਹਿਰ ਕੋਲੋਂ ਕੁਝ ਉਮੀਦ ਰਖਦੇ ਹਨ, ਉਹਨਾਂ ਨੂੰ ਮਾਯੂਸ ਨਾ ਕਰੀਏ। 'ਦੁਨੀਆ ਭਰ ਦੇ ਮਜ਼ਦੂਰੋ ਇਕ ਹੋ ਜਾਓ' ਜੇ ਮਈ ਦਿਨ ਦਾ ਨਾਅਰਾ ਹੈ ਤਾਂ ਇਸ ਨਾਅਰੇ ਤੇ ਪੂਰਾ ਉਤਰੀਏ। ਆਪਣੀ ਜ਼ਮੀਰ ਦੇ ਰੂਬਰੂ ਝੂਠਾ ਨਾ ਹੋਈਏ, ਇਹੀ ਮਈ ਦਿਨ ਦੀ ਮੰਗ ਹੈ, ਇਹੀ ਮਈ ਦਿਨ ਦਾ ਚੈਲਿੰਜ ਹੈ।

## 2. ਧਰਮ ਤੇ ਅਮਲ

ਇਕ ਸਰਕਾਰੀ ਸਰਵੇਖਣ ਨੇ ਇਹ ਗੱਲ ਦਸੀ ਹੈ ਕਿ ਬਹੁਤ ਸਾਰੇ ਫਿਰਕੂ ਫਸਾਦ, ਜਿਹੜੇ ਇਹਨਾਂ ਦਿਨਾਂ ਵਿਚ ਹੋਏ ਹਨ, ਉਹਨਾਂ ਦਾ ਵਡਾ ਕਾਰਨ ਕਿਸੇ ਪੀਰ ਫਕੀਰ ਦੀ ਥਾਂ ਉਤੇ ਕਬਜ਼ਾ ਕਰਕੇ ਆਪਣੇ ਧਰਮ ਦਾ ਝੰਡਾ ਲਗਾਉਣਾ ਸੀ। ਪੀਰ ਦੀ ਥਾਂ ਤੇ ਰਾਤ ਨੂੰ ਨਿਸ਼ਾਨ ਸਾਹਿਬ ਝੁਲਾ ਦੇਵੋ, ਕਿਸੇ ਦੇਵੀ ਦੀ ਤਸਵੀਰ ਸਜਾ ਦੇਵੋ ਥਾਂ ਤੁਹਾਡੀ ਹੋ ਗਈ। ਕੋਈ ਇਤਰਾਜ਼ ਕਰੇ ਤਾਂ ਰੌਲਾ ਪਵਾ ਦੇਵੋ ਕਿ ਸਾਡੇ ਧਾਰਮਕ ਕੰਮਾਂ ਵਿਚ ਦਖਲ-ਅੰਦਾਜ਼ੀ ਹੈ। ਉਂਝ ਇਹ ਸਥਾਪਤ ਸਚਾਈ ਹੈ ਕਿ ਧਰਮ ਦੇ ਜਿਤਨੇ ਅਸਥਾਨ ਇਸ ਦੇਸ਼ ਵਿਚ ਹਨ, ਹੋਰ ਕਿਸੇ ਦੇਸ਼ ਵਿਚ ਨਹੀਂ ਤੇ ਇਹਵੀ ਸੰਥਾਪਤ ਸਚਾਈ ਹੈ ਕਿ ਲੋਕਾਂ ਦੀ ਜ਼ਮੀਰ ਇਸ ਦੇਸ ਵਿਚ ਜਿਤਨੀ ਝੂਠੀ ਹੈ, ਹੋਰ ਕਿਸੇ ਦੇਸ਼ ਵਿਚ ਨਹੀਂ। ਧਰਮ ਦੇ ਨਾਂ ਤੇ ਜਿਤਨਾ ਖੂਨ ਖਰਾਬਾ ਇਸ ਦੇਸ਼ ਵਿਚ ਹੁੰਦਾ ਹੈ, ਹੋਰ ਕਿਧਰੇ ਵੀ ਨਹੀਂ ਹੁੰਦਾ। ਜਿਤਨਾ ਪੈਸਾ ਸਤਿਸੰਗਾਂ, ਜਗਰਾਤੇ, ਭੰਡਾਰਿਆਂ ਅਤੇ ਕੀਰਤਨ ਦਰਬਾਰਾਂ ਤੇ ਖਰਚ ਕੀਤਾ ਜਾਂਦਾ ਹੈ, ਜੇਕਰ ਇਸ ਤੋਂ ਅੱਧਾ ਵੀ ਸਮਾਜ ਭਲਾਈ ਦੇ ਕਿਸੇ ਪ੍ਰਾਜੈਕਟ ਤੇ ਖਰਚ ਕੀਤਾ ਜਾਏ ਤਾਂ ਸਾਡੀਆਂ ਤਕਦੀਰਾਂ ਕੁਝ ਹੱਦ ਤਕ ਸੌਰ ਜਾਣ। ਸਾਡੇ ਸ਼ਹਿਰਾਂ ਦੇ ਮਹਲਿਆਂ ਵਿਚ ਬੱਚਿਆਂ ਦੇ ਖੇਡਣ ਲਈ ਕੋਈ ਪਾਰਕ ਨਹੀਂ, ਬੁਢਿਆਂ ਦੇ ਬੈਠਣ ਕੂੜਾ ਸੁੱਟਨ ਦੀ ਥਾਂ ਨਹੀਂ, ਕੋਈ ਸਾਂਝੀ ਲਾਇਬਰੇਰੀ ਨਹੀਂ—ਬੜੀ ਅਸਾਨੀ ਨਾਲ ਇਹੋ ਜਹੀਆਂ ਥਾਵਾਂ ਦਾ ਡੀਜ਼ਾਇਨ ਕੀਤਾ ਜਾ ਸਕਦਾ ਹੈ ਜਿਥੇ ਸੁਟਿਆ ਗੰਦ ਮੈਲਾ ਨਾ ਲੰਘਣ ਵਾਲਿਆਂ ਨੂੰ ਦਿਸੇ ਅਤੇ ਨਾ ਬੋ ਦੇਵੇ ਤੇ ਦਿਨ ਵਿਚ ਇਕ ਵਾਰ ਬਗੈਰ ਕਿਸੇ ਦਿਕਤ ਦੇ ਆਟੋਮੈਟਕ ਤੌਰ ਤੇ ਗੱਡੀਆਂ ਵਿਚ ਲਦਿਆ ਜਾ ਸਕੇ—ਮਹਲਿਆਂ ਵਿਚ ਲਗੀਆਂ ਰੌਸ਼ਣੀਆਂ ਨਾ-ਮਾਤਰ ਹੀ ਰੋਸ਼ਨੀ ਦੇਂਦੀਆਂ ਹਨ। ਇਹ ਕੰਮ ਨਿਕੀਆਂ ਨਿਕੀਆਂ ਕਮੇਟੀਆਂ ਬਣਾ ਕੇ ਕੀਤਾ ਜਾ ਸਕਦਾ ਹੈ, ਜੇ ਸਾਡਾ ਧਿਆਨ ਜਾਏ। ਪਰ ਬਹੁਤ ਸਾਰੇ ਸੋਚਣ ਵਾਲੇ ਲੋਕ ਦੂਸਰੇ ਪਾਸੇ ਧਿਆਨ ਦੇ ਕੇ ਆਪਣੀ ਜ਼ਮੀਰ ਦੀ ਤਸੱਲੀ ਕਰ ਲੈਣਗੇ। ਸੁਧਾਰ ਕਮੇਟੀ ਕੋਈ ਬਣੇ ਵੀ ਤਾਂ ਉਹਦਾ ਪਹਿਲਾ ਧਿਆਨ ਕੀਰਤਨ ਦਰਬਾਰ ਜਾਂ ਜਗਰਾਤੇ ਵਲ ਜਾਏਗਾ। ਇਹ ਕੀਰਤਨ ਦਰਬਾਰ, ਇਹ ਜਗਰਾਤੇ ਬੜੀ ਆਸਾਨੀ ਨਾਲ ਗੁਰਦੁਆਰੇ ਅਤੇ ਮੰਦਰਾਂ ਵਿਚ ਕੀਤੇ ਜਾ ਸਕਦੇ ਹਨ। ਇਹਨਾਂ ਥਾਵਾਂ ਦੀ ਨਾ ਹੀ ਗਿਣਤੀ ਥੋੜੀ ਹੈ ਅਤੇ ਨਾ ਹੀ ਖੇਤਰਫਲ ਥੋੜਾ ਹੈ। ਫੇਰ ਇਹ ਸਪੈਸ਼ਲ ਪੰਡਾਲ, ਸਜਾਵਟਾਂ ਅਤੇ ਬਿਜਲੀਆਂ ਕਿਉਂ? ਕਿਸੇ ਦੋਸਤ ਨਾਲ ਗੱਲ ਕੀਤੀ ਤਾਂ ਉਹ ਕਹਿਣ ਲਗਾ ਕਿ ਦੇਸ਼ ਵਿਚ ਹੋਰ ਏਨਾ ਕੁਝ ਗ਼ਲਤ ਪਿਆ ਹੁੰਦਾ ਹੈ ਪਰ ਤੁਹਾਡਾ ਧਿਆਨ ਸਿਰਫ ਧਰਮ ਵਲ ਕਿਉਂ ਜਾਂਦਾ ਹੈ? ਇਹਦਾ ਜਵਾਬ ਬਿਲਕੁਲ ਸਪਸ਼ਟ ਹੈ ਕਿ ਜੋ ਕੁਝ ਗ਼ਲਤ ਹੋ ਰਿਹਾ ਹੈ, ਇਹਦੀ ਸੌ ਫੀ ਸਦੀ ਤਾਂ ਨਹੀਂ ਪਰ ਵੱਡੀ ਜ਼ਿਮੇਂਵਾਰੀ ਧਰਮ ਤੇ ਜ਼ਰੂਰ ਆਉਂਦੀ ਹੈ। ਹਰੀਜਨਾਂ ਤੇ ਜ਼ੁਲਮਾਂ ਤੋਂ ਲੈ ਕੇ ਫਿਰਕੂ ਦੰਗੇ, ਵੱਖ ਵੱਖ ਫਿਰਕਿਆਂ ਦਾ ਇਕੱਠੇ ਨਾ ਬੈਠਣਾ, ਸਾਹਿਤ ਅਤੇ ਬੋਲੀ ਦੀ ਤਰੱਕੀ ਨਾ ਹੋਣੀ, ਆਪਣੀ ਤਕਦੀਰ ਬਦਲਨ ਵਲੋਂ ਅਵੇਸਲਾ ਹੋਣਾ ਇਹਦੀ ਸਾਰੀ ਜ਼ਿਮੇਵਾਰੀ ਧਰਮ ਤੇ ਨਹੀਂ ਤਾਂ ਹੋਰ ਕਿਸ ਤੇ ਹੈ? ਜਿਨ੍ਹਾਂ ਧੂਤੂ ਧਰਮ ਦੇ ਨਾਂ ਤੇ ਵਜਦਾ ਹੈ, ਜੇਕਰ ਸ਼ਹਿਰੀਆਂ ਨੂੰ ਉਹਨਾਂ ਦੇ ਹੱਕਾਂ ਬਾਰੇ ਚੇਤੰਨ ਕਰਨ ਲਈ ਵਜੇ ਤਾਂ ਇਸ ਦੇਸ਼ ਦੀ ਤਕਦੀਰ ਜ਼ਰੂਰ ਬਦਲੇ। ਸਮਾਜ ਦੇ ਵਿਕਾਸ ਵਿਚ, ਮਨੁੱਖੀ ਚੇਤਨਾ ਨੂੰ ਗਿਆਨ ਰਾਹੀਂ ਉਚੇਰਾ ਕਰਨ ਤੇ ਧਰਮ ਨੇ ਬੜਾ ਹਾਂ ਪੱਖੀ ਹਿੱਸਾ ਪਾਇਆ ਹੈ, ਹੁਣ ਵੀ ਵਿਸ਼ੇਸ਼ ਹਾਲਤਾਂ ਵਿਚ ਪਾ ਰਿਹਾ ਹੈ ਅਤੇ ਪਾ ਸਕਦਾ ਹੈ, ਜੇਕਰ ਇਹ ਅਮਲ ਨੂੰ ਮਨੁੱਖ ਹਿਤੈਸ਼ੀ ਰਖਦਾ ਹੈ। ਪਰ ਵੇਖਿਆ ਇਹ ਗਿਆ ਹੈ ਕਿ ਟਾਂਵੀਆਂ ਟਾਂਵੀਆਂ ਮਿਸਾਲਾਂ ਛੱਡ ਕੇ ਧਰਮ ਦੇ ਨਾਂ ਤੇ ਤੋਤੇ ਰੱਟਣੇ ਅਗਿਆਨੀਆਂ, ਪੈਸੇ ਵਾਲੇ ਚੌਧਰ ਦੇ ਭੁੱਖੇ ਤੇ ਪਾਖੰਡੀਆਂ ਦੇ ਡੇਰੇ ਬਣਦੇ ਜਾ ਰਹੇ ਹਨ ਅਤੇ ਇਹਨਾਂ ਦੀ ਭੂਮਿਕਾ ਵੱਧ ਰਹੀ ਸੂਝ ਅਤੇ ਗਿਆਨ ਨੂੰ ਪੁੱਠਾ ਗੇੜ ਦੇਣ ਤੋਂ ਸਿਵਾ ਕੁਝ ਨਹੀਂ, ਕਾਲੀ ਮਾਈ ਕੋਲੋਂ ਸ਼ਕਤੀ ਲੈ ਕੇ ਕੋਈ ਆਪਣੇ ਜੀਵਨ ਨੂੰ ਸੰਘਰਸ਼ਸ਼ੀਲ

ਬਣਾਂਦਾ ਹੈ, ਚੰਗੀ ਗੱਲ ਹੈ। ਅਮ੍ਰਿਤ ਛੱਕ ਕੇ ਕੋਈ ਗਿਆਨ ਦਾ ਅਭਿਲਾਸ਼ੀ ਬਣਦਾ ਹੈ, ਆਪਣੀ ਰੋਜ਼ ਦੀ ਜ਼ਿੰਦਗੀ ਵਿਚ ਸੰਜਮ ਅਤੇ ਅਨੁਸ਼ਾਸ਼ਨ ਲਿਆਂਦਾ ਹੈ। ਆਪਣੇ ਆਪ ਨੂੰ ਜ਼ੁਲਮ ਦੇ ਵਿਰੁਧ ਲੜਣ ਲਈ ਮਜ਼ਬੂਤ ਕਰਦਾ ਹੈ ਤਾਂ ਬੜੀ ਚੰਗੀ ਗੱਲ ਹੈ, ਪਰ ਜੇਕਰ ਉਹ ਕਿਰਪਾਨ ਅਤੇ ਦਸਤਾਰ ਸੱਜਾ ਕੇ ਦੂਜਿਆਂ ਉਤੇ ਰੁਅਬ ਕੱਸਦਾ ਹੈ ਜਾਂ ਦਹਿਸ਼ਤ ਫੈਲਾਉਂਦਾ ਹੈ ਤਾਂ ਉਹਦਾ ਅਮਲ ਨਿਖੇਧਾਤਮਕ ਹੈ, ਧਰਮ ਦੇ ਨਾਂ ਤੇ ਹੋ ਰਹੇਗਲਤ ਅਮਲਾਂ ਵਿਰੁਧ ਆਵਾਜ਼ ਉਠਾਣੀ ਵੀ ਆਪਣੇ ਆਪ ਵਿਚ ਇਕ ਧਰਮ ਹੈ ਅਤੇ ਸਾਨੂੰ ਇਹ ਗੱਲਾਂ ਸਪਸ਼ਟ ਸਮਝਣੀਆਂ ਚਾਹਦੀਆਂ ਹਨ ਅਤੇ ਹੌਂਸਲੇ ਨਾਲ ਇਹਨਾਂ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ।

## 3. ਸਾਹਿਤ ਤੇ ਰਾਜਨੀਤੀ : ਕ੍ਰਾਂਤੀਕਾਰੀ ਸਾਹਿਤ ਸਭਾ ਦੀ ਅਮ੍ਰਿਤਸਰ ਗੋਸ਼ਟੀ ਅਤੇ ਸਾਹਿਤ ਸਭਾ ਬੁਲੋਵਾਲ ਦੀ ਗੋਸ਼ਟੀ

ਅਪ੍ਰੈਲ ਸਮਤਾ ਵਿਚ ਚਮਨ ਲਾਲ ਦਾ ਬੜਾ ਮਹੱਤਵਪੂਰਨ ਲੇਖ ਸੀ 'ਭਾਰਤੀ ਸਮਾਜ ਲਈ ਲੂਸੁਨ ਦੇ ਸਾਹਿਤ ਦਾ ਮਹੱਤਵ', ਇਸ ਲੇਖ ਵਿਚ ਲੂਸੁਨ ਦੀਆਂ ਲਿਖਤਾਂ ਦੇ ਜਿਹੜੇ ਪੱਖ ਵਿਚਾਰੇ ਗਏ, ਉਹਨਾਂ ਵਿਚ ਇਕ ਪੱਖ ਜਿਸਨੂੰ ਨੰਬਰ (3) ਦਿਤਾ ਗਿਆ ਉਹ ਜ਼ੁਲਮ ਵਿਰੁਧ ਘੋਲ ਕਰ ਰਹੇ ਸਮਾਜ ਵਿਚ ਸਾਹਿਤ ਦੀ ਭੂਮਿਕਾ ਦੇ ਮਹੱਤਵ ਬਾਰੇ ਸੀ। ਸਾਡੇ ਲੇਖਕ ਹਲਕਿਆਂ ਵਿਚ ਸਾਹਿਤ ਤੇ ਰਾਜਨੀਤੀ ਦੇ ਸੰਬੰਧਾਂ ਬਾਰੇ ਇਕ ਵਾਦ-ਵਿਵਾਦ ਅਕਸਰ ਚਲਦਾ ਹੈ। ਲੂਸੁਨ ਦੇ ਵਿਚਾਰ ਇਸ ਮਸਲੇ ਨੂੰ ਸਾਫ ਕਰਨ ਵਿਚ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ। ਸਾਹਿਤ ਰਾਜਨੀਤੀ ਦਾ ਅੰਗ ਬਣਕੇ ਹੀ ਆਪਣੀ ਕਲਿਆਣਕਾਰੀ ਭੂਮਿਕਾ ਨਿਭਾ ਸਕਦਾ ਹੈ, ਇਕ ਸਾਹਿਤਕਾਰ ਜੇਕਰ ਜ਼ਿੰਦਗੀ ਦੇ ਡਾਇਲੈਕਟਸ (ਵਿਰੋਧਾਤਮਕ ਵਿਕਾਸ) ਨੂੰ ਨਹੀਂ ਸਮਝਦਾ ਤਾਂ ਉਹ ਸਿਰਫ 'ਬੁੜਬੁੜ' ਵਾਲਾ ਸਾਹਿਤ ਹੀ ਰਚ ਸਕਦਾ ਹੈ, ਜਿਸ ਵਿਚ ਸ਼ਕਾਇਤ ਪ੍ਰਧਾਨ ਅੰਸ਼ ਹੋਵੇਗੀ, ਲੂਸੁਨ ਉਸ ਕੌਮ ਨੂੰ ਗਈ ਗੁਜ਼ਰਦਾ ਸਮਝਦਾ ਹੈ, ਜਿਸ ਕੋਲ ਸਿਰਫ ਸ਼ਕਾਇਤਾਂ ਦਾ ਹੀ ਸਾਹਿਤ ਹੈ। ਇਸ ਸਾਹਿਤ ਦਾ ਵਡਾ ਔਗੁਣ ਨਾਕਰਮਤਾ ਹੈ। ਖੁਸ਼ੀ ਦੀ ਗੱਲ ਹੈ ਕਿ ਇਸ ਨਾਕਰਮਤਾ ਦੇ ਮਾਰੂ ਅਸਰ ਦਾ ਨੋਟਿਸ ਸਾਡੇ ਸਾਹਿਤਕ ਹਲਕਿਆਂ ਵਿਚ ਲਿਆ ਜਾਣ ਲਗ ਪਿਆ ਹੈ। ਇਸ ਦਾ ਪ੍ਰਮਾਣ ਇਸ ਗੱਲ ਤੋਂ ਨਿਕਲਦਾ ਹੈ ਕਿ ਸਾਡੀਆਂ ਸਾਹਿਤ ਸਭਾਵਾਂ ਨੇ ਰਾਜਨੀਤੀ ਅਤੇ ਸਾਹਿਤ ਦੇ ਜੋੜ ਨੂੰ ਆਪਣੀਆਂ ਗੋਸ਼ਟੀਆਂ ਦਾ ਵਿਸ਼ਾ ਬਨਾਉਣਾ ਸ਼ੁਰੂ ਕੀਤਾ ਹੈ। 28 ਮਾਰਚ ਨੂੰ ਬੁਲੋਵਾਲ (ਹੋਸ਼ਿਆਰਪੁਰ) ਅਤੇ 3-4 ਅਪ੍ਰੈਲ ਨੂੰ ਕ੍ਰਾਂਤੀਕਾਰੀ ਸਾਹਿਤ ਸਭਾ ਦੀ ਅਮ੍ਰਿਤਸਰ ਗੋਸ਼ਟੀ ਇਸ ਰੁਝਾਣ ਦੀਆਂ ਉਘੜਵੀਆਂ ਮਿਸਾਲਾਂ ਹਨ। ਬੁਲੋਵਾਲ 'ਸਾਹਿਤ, ਸਮਾਜ ਤੇ ਰਾਜਨੀਤੀ' ਉਤੇ ਗੁਰਬਖਸ਼ ਜੱਸ ਦਾ ਪਰਚਾ ਪੜ੍ਹਿਆ ਗਿਆ। ਬੜੇ ਸਪੱਸ਼ਟ ਸ਼ਦਦਾਂ 'ਚ ਇਸ ਪਰਚੇ ਵਿਚ ਸਿੱਧ ਕੀਤਾ ਗਿਆ ਕਿ ਸਾਹਿਤਕਾਰ ਜੇਕਰ ਆਪਣੇ ਆਪ ਨੂੰ ਸਮਾਜ ਅਤੇ ਸਮੇਂ ਦੀ ਰਾਜਨੀਤੀ ਤੋਂ ਪਰੇ ਰੱਖ ਕੇ ਆਪਣੇ ਵਿਅਕਤੱਵ ਦੇ ਖੋਲ ਵਿਚ ਬੰਦ ਕਰ ਲੈਂਦਾ ਹੈ ਤਾਂ ਉਸ ਵਲੋਂ ਰਚੇ ਗਏ ਸਾਹਿਤ ਦੀ ਕੋਈ ਸਾਰਥਿਕਤਾ ਨਹੀਂ। ਇਸੇ ਤਰ੍ਹਾਂ ਜੇਕਰ ਸਾਹਿਤਕਾਰ ਰਾਜਨੀਤੀ ਅਤੇ ਸਮਾਜ ਦੇ ਡਾਇਲੈਕਟਸ ਨੂੰ ਸਮਝੇ ਬਗ਼ੈਰ ਇਹਨਾਂ ਨੂੰ ਅਪਣਾ ਵਿਸ਼ਾ ਬਣਾਉਂਦਾ ਹੈ ਤਾਂ ਉਹ ਵੀ ਇਕ ਫੁਸਫੁਸਾ ਸਾਹਿਤ ਰਚੇਗਾ, ਜਿਸ ਵਿਚ ਨਾਅਰੇ ਵਰਗੇ ਸਾਰੇ ਨੁਕਸ ਆ ਜਾਣਗੇ, ਜ਼ਿੰਦਗੀ ਦੇ ਡਾਇਲੈਕਟਸ ਨੂੰ ਸਮਝਣ ਲਈ ਮਾਰਕਸਿਜ਼ਮ ਹੀ ਸਾਰਿਆਂ ਨੂੰ ਵਿਗਿਆਨਕ ਵਿੱਧੀ ਹੈ ਤੇ ਲੇਖਕ ਲਈ ਜ਼ਿੰਦਗੀ ਦੇ ਵਿਸ਼ਲੇਸ਼ਣ ਲਈ ਇਹਦੇ ਵਿਚ ਵੱਖਰੀਆਂ ਵੱਖਰੀਆਂ ਜਮਾਤਾਂ ਦੀ ਭੂਮਿਕਾ ਸਮਝਣ ਲਈ ਇਸ ਵਿੱਧੀ ਉਤੇ ਮਹਾਰਤਾ ਜ਼ਰੂਰੀ ਹੈ। ਜੱਸ ਨੇ ਇਹ ਸਪਸ਼ਟ ਕੀਤਾ ਕਿ ਰਾਜਨੀਤੀ ਤੋਂ ਮਤਲਬ ਕਿਸੇ ਰਾਜਨੀਤਕ ਪਾਰਟੀ ਨਾਲ ਪ੍ਰਤੀਬੰਧਤਾ ਨਹੀਂ, ਸਗੋਂ ਇਕ ਵਿਸ਼ੇਸ਼ ਦਿਸ਼ਾ ਵਲ ਸੋਸ਼ਲ ਤਬਦੀਲੀ ਨੂੰ ਸਮਝਣਾ ਤੇ ਅਪਨਾਉਣਾ ਹੈ।

ਇਸ ਵਿਸ਼ੇ ਤੇ ਬੜੀ ਮਹੱਤਵਪੂਰਨ ਗੋਸ਼ਟੀ ਕ੍ਰਾਂਤੀਕਾਰੀ ਸਾਹਿਤ ਸਭਾ ਵਲੋਂ 'ਲੋਕ ਸਾਹਿਤ ਦੀ ਸਿਰਜਣਾ' ਬਾਰੇ । ਜਿਸ ਵਿਚ (1) ਲੋਕ-ਸਾਹਿਤ ਸਬੰਧੀ ਜਮਾਤੀ ਦ੍ਰਿਸ਼ਟੀਕੋਣ (2) ਸਾਹਿਤ ਸਬੰਧੀ ਅਧਿਐਨ (3) ਲੋਕ ਸਾਹਿਤ ਦੀ ਸੇਧ (4) ਲੋਕ ਸਾਹਿਤ ਦੇ ਸਮੇਂ ਦੀ ਖੋਜ (5) ਲੋਕ ਸਾਹਿਤ ਦੀ ਘਾਟ ਨੂੰ ਪੂਰਨ ਬਾਰੇ ਬੜੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਹੋਇਆ। ਲੋਕ ਪੱਖੀ ਸਾਹਿਤ ਦੀ ਵਿਆਖਿਆ ਕੀਤੀ ਗਈ। ਇਨਕਲਾਬ ਤੋਂ ਪਹਿਲੇ ਰੂਸੀ ਸਾਹਿਤ ਅਤੇ ਖਾਸ ਕਰਕੇ ਟਾਲਸਟਾਏ ਦੀਆਂ ਲਿਖਤਾਂ ਅਤੇ ਇਸ ਤਰ੍ਹਾਂ ਟਾਲਸਟਾਏ ਅਤੇ ਗੋਰਕੀ ਦੇ ਸਾਹਿਤ ਦੀ ਇਨਕਲਾਬ ਨੂੰ ਦੇਣ ਜਾਂ ਇਹਦੇ ਬਾਰੇ ਸਾਥੀ ਲੈਨਿਨ ਦੇ ਵਿਚਾਰ ਲੋਕ ਸਾਹਿਤ ਦੀ ਸੇਧ ਨੂੰ ਨਿਖਾਰਣ ਵਿਚ ਕਾਫੀ ਸਹਾਈ ਹੋਏ। ਜਮਾਤੀ ਦ੍ਰਿਸ਼ਟੀਕੋਣ ਤੋਂ ਕੋਈ ਸਾਹਿਤਕ ਕਿਰਤ ਕਿਸ ਤਰ੍ਹਾਂ ਇਨਕਲਾਬੀ ਰੂਪ ਤੋਂ ਸੋਧਵਾਦੀ ਰੂਪ ਧਾਰ ਲੈਂਦੀ ਹੈ, ਇਹ ਨੁੱਕਤਾ ਕਾਫੀ ਬਹਿਸ ਅਧੀਨ ਰਿਹਾ। ਸਵਿੰਦਰ ਜੀਤ ਸਾਗਰ ਨੇ ਉਸ ਅਮਲ ਵਲ ਇਸ਼ਾਰਾ ਕੀਤਾ, ਜਿਸ ਦੁਆਰਾ ਨਿਕਕਲਾਬ ਤੋਂ ਬਾਅਦ ਸਮਾਜਵਾਦੀ ਯਥਾਰਥ ਆਲੋਚਨਾਤਮਕ ਯਥਾਰਥ ਦਾ ਰੂਪ ਧਾਰ ਲੈਂਦਾ ਹੈ। ਇਹ ਗੋਸ਼ਟੀ 7-8 ਘੰਟੇ ਚਲੀ । (ਰਾਤ 9 ਵਜੇ ਤੋਂ ਸਵੇਰੇ 5 ਵਜੇ ਤਕ) ਸਾਹਿਤ ਸਿਰਜਣਾ ਦੇ ਅਮਲ ਨੂੰ ਇਸ ਵਿਸਥਾਰ ਅਤੇ ਸੰਜੀਦਗੀ ਨਾਲ ਵਿਚਾਰੇ ਜਾਣਾ ਆਪਣੇ ਆਪ ਵਿਚ ਜਿਥੇ ਇਸ ਗੋਸ਼ਟੀ ਦੀ ਪ੍ਰਾਪਤੀ ਹੈ, ਉਥੇ ਇਹ ਸੰਕੇਤ ਕਰਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਕਿਸੇ ਵੀ ਸਾਹਿਤਿਕ ਕ੍ਰਿਤ ਦਾ ਮੁਲਅੰਕਣ ਕਰਨ ਵੇਲੇ ਉਹਦਾ ਦਿਸ਼ਾ ਪ੍ਰਦਾਨਤਾ ਦਾ ਤੱਤ ਹੋਰਨਾਂ ਤੱਤਾਂ ਤੋਂ ਇਲਾਵਾ ਸਾਹਿਤਕ ਆਲੋਚਨਾ ਵਿਚ ਪ੍ਰਮੁੱਖ ਥਾਂ ਰਖੇਗਾ। ਗੋਸ਼ਟੀ ਵ੍ਰਿਚ ਇਹ ਵੀ ਮਹਿਸੂਸ ਕੀਤਾ ਗਿਆ ਕਿ ਸਿਰਜਣਾ ਦੇ ਇਸ ਅਮਲ ਨੂੰ ਸਮਝਣ ਲਈ ਅਤੇ ਸਾਰਥਿਕ ਬਨਾਉਣ ਲਈ ਪੰਜਾਬੀ ਵਿਚ ਰੱਚੇ ਜਾਂਦੇ ਸਹਿਤ ਨੂੰ ਆਧਾਰ ਬਣਾਇਆ ਜਾਏ ਤਾ ਜੋ ਕਹਿਣ ਵਾਲੇ ਅਤੇ ਸੁਣਨ ਵਾਲੇ ਦੇ ਦਰਮਿਆਨ ਸੰਚਾਰ ਦਾ ਮਸਲਾ ਵਿਘਨ ਨਾ ਪਾਏ।

## 4. ਵਹਿਸ਼ੀਪੁਣੇ ਦਾ ਨੰਗਾ ਨਾਚ

ਸਾਡੀ ਪੁਲਸ ਵਲੋਂ ਇਹ ਨੰਗਾ ਨਾਚ ਪਿੰਡ ਦਾਉਕੇ ਅਤੇ ਥਾਨਾ ਨਕੋਦਰ ਵਿਚ ਹੋਇਆ ਹੈ। ਪੁਲਸ ਦਾਉਕੇ ਪਿੰਡ ਕਿਸੇ ਕਥਿਤ ਦੋਸ਼ੀ ਨੂੰ ਫੜਣ ਜਾਂਦੀ ਹੈ। ਦੋਸ਼ੀ ਮਿਲਦਾ ਨਹੀਂ, ਪਿੰਡ ਦੇ ਦੋ ਹੋਰ ਵਿਅਕਤੀ ਘੇਰ ਲਏ ਜਾਂਦੇ ਹਨ। ਪਿੰਡ ਵਾਲੇ ਇਤਰਾਜ਼ ਕਰਦੇ ਹਨ, ਉਥੇ ਸਰਪੰਚ ਨੂੰ ਲੰਮਾ ਪਾ ਲਿਆ ਜਾਂਦਾ ਹੈ। ਉਹਦੀ ਪੱਗ ਲਾਹਕੇ, ਦੋ ਗੁਤਾਂ ਕਰਕੇ ਪਿੰਡ ਵਿਚ ਉਹਦਾ ਜਲੂਸ ਕਢਿਆ ਜਾਂਦਾ ਹੈ। ਪਿੰਡ ਵਾਲੇ ਟਰਾਲੀ ਤੇ ਇਕ ਡੈਪੂਟੇਸ਼ਨ ਲੈ ਕੇ ਅਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਮਿਲਣ ਲਈ ਆਂਦੇ ਹਨ। ਉਹਨਾਂ ਨੇ ਰਸਤੇ ਵਿਚ ਹੀ ਘੇਰ ਲਿਆ ਜਾਂਦਾ ਹੈ ਜ਼ਬਰਦਸਤੀ ਪਿੰਡ ਵਾਪਸ ਲੈ ਆਂਦਾ ਜਾਂਦਾ ਹੈ। ਔਰਤਾਂ ਦੇ ਸਾਹਮਣੇ ਸਾਰੇ ਮਰਦਾਂ ਨੂੰ ਨੰਗਾ ਕਰ ਦਿਤਾ ਜਾਂਦਾ ਹੈ। ਬਾਅਦ ਵਿਚ ਪਿੰਡ ਨੂੰ ਬੇਹ ਕਰ ਦਿਤਾ ਜਾਂਦਾ ਹੈ। ਧੀਆਂ ਭੈਣਾਂ ਦੀ ਰੱਜਕੇ ਬੇਇਜ਼ਤੀ ਕੀਤੀ ਜਾਂਦੀ ਹੈ,—ਸੰਕਰ ਪਿੰਡ ਸ੍ਰ. ਸਵਰਨ ਮੁਖ ਮੰਤਰੀ ਦਰਬਾਰਾ ਸਿੰਘ ਦਾ ਹਲਕਾ, ਇਕ ਮੁੰਡੇ ਤੇ ਇਕ ਕੁੜੀ ਦਾ ਇਸ਼ਕ ਹੈ, ਨਸ ਜਾਂਦੇ ਹਨ, ਮੁੰਡੇ ਦੇ ਬਾਪ ਨੂੰ ਥਾਨਾ ਨਕੋਦਰ ਬੰਦ ਕਰ ਦਿਤਾ ਜਾਂਦਾ ਹੈ, ਮਾਰ ਕੁਟਾਈ ਕੀਤੀ ਜਾਂਦੀ ਹੈ, ਅਫਵਾਹ ਇਹ ਫੈਲਦੀ ਹੈ ਕਿ ਉਹਦੀ ਥਾਨੇ ਵਿਚ ਮੌਤ ਹੋ ਗਈ ਹੈ। ਪਿੰਡ ਦੇ ਪਤਵੰਤੇ ਪਤਾ ਲੈਣ ਲੈਣ ਜਾਂਦੇ ਹਨ। ਵਡਾ ਥਾਨੇਦਾਰ ਕਹਿੰਦਾ ਹੈ "ਥਾਨੇ ਅੰਦਰ ਆਓ, ਤੁਹਾਨੂੰ ਬੰਦਾ ਵਿਖਾਵਾਂ।" ਥਾਨੇ ਅੰਦਰ ਜਾਂਦੇ ਹਨ। ਥਾਨੇ ਦਾ ਗੇਟ ਬੰਦ ਕਰ ਦਿਤਾਂ ਜਾਂਦਾ ਹੈ ਅਤੇ ਪਤਵੰਤਿਆਂ ਦੀ 4-5 ਘੰਟੇ ਖੂਬ ਮਾਰ ਕੁਟਾਈ ਜਾਂਦੀ ਹੈ, ਹਾਂ ਹਾਂ, ਪਿੰਡ ਦੇ ਬੰਦੇ ਦਾ ਪਤਾ ਲੈਣ ਆਏ ਕਿਉਂ ?

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਮੈਂਬਰ ਨੇ ਦੋਨੋਂ ਥਾਂ ਕਮੇਟੀ ਬਣਾਕੇ ਤਥਾਂ ਦੀ ਜਾਂਚ ਕੀਤੀ। ਉਹਨਾਂ ਨੇ ਜੋ ਸਿੱਟੇ ਕੱਢੇ, ਉਹਨਾਂ ਦੀਆਂ ਰੀਪੋਰਟਾਂ ਛਾਪੀਆਂ, ਉਹ ਸਿੱਟੇ ਇਸ ਤਰ੍ਹਾਂ ਹਨ :—

ਦਾਉਕੇ ਪਿੰਡ ਦੇ ਲੋਕਾਂ ਤੇ ਪੁਲਸ ਵਲੋਂ ਅੰਨ੍ਹਾ,ਬੇਥੱਵਾ, ਬਦਲਾ ਲਊ ਤਸ਼ੱਦਦ ਕੀਤਾ ਗਿਆ।

ਉਹ ਨਾ ਕੇਵਲ ਗੈਰ ਕਾਨੂੰਨੀ ਤੌਰ ਤੇ ਪਿੰਡ ਆਏ ਸਗੋਂ ਉਹਨਾਂ ਕਾਨੂੰਨ ਵੀ ਆਪਣੇ ਹੱਥ ਲਿਆ ਅਤੇ ਲੋਕਾਂ ਦੇ ਜਮਹੂਰੀ ਹੱਕਾਂ ਦਾ ਮਖੌਲ ਉਡਾਇਆ। ਪੁਲਸ ਵਲੋਂ ਕੀਤੀ ਗਈ ਲੁੱਟਮਾਰ ਤੇ ਤਬਾਹੀ, ਬੇਕਾਬੂ ਸ਼ਕਤੀ ਵਲ ਸੰਕੇਤ ਕਰਦੀ ਹੈ। ਨਕੋਦਰ ਥਾਨੇ ਵਿਚ ਹਰੀ ਰਾਮ ਨੂੰ ਡੇਢ ਮਹੀਨੇ ਦੇ ਕਰੀਬ ਨਜਾਇਜ ਪੁਲਸ ਰਿਹਾਸਤ ਵਿਚ ਰੱਖਿਆ ਗਿਆ ਕਿਉਂਕਿ ਉਹ ਗਰੀਬ ਸਾਧਾਰਣ ਵਰਗ ਵਿਚੋਂ ਸੀ ਅਤੇ ਉਸ ਦਾ ਕਸੂਰ ਇਹ ਸੀ ਕਿ ਉਹ ਸ਼ੱਕੀ ਮੁਜਰਮ ਦਾ ਬਦਨਸੀਬ ਪਿਤਾ ਸੀ। ਪੁਲੀਸ ਥਾਣੇ ਨੂੰ ਗੈਰ ਕਾਨੂੰਨੀ ਅਤੇ ਗੈਰ ਇਨਸਾਨੀ ਕੰਮਾਂ ਲਈ ਕਿਲ੍ਹੇ ਦੇ ਤੌਰ ਤੇ ਵਰਤ੍ਹਨਾ ਲੋਕਾਂ ਦੀ ਮਾਰ-ਕੁਟਾਈ ਕਰਨਾ, ਜ਼ਿੱਲਤ ਭਰਿਆ, ਫ਼ਾਸ਼ੀ, ਗੈਰਕਨੂੰਨੀ ਅਤੇ ਗੈਰਇਨਸਾਨੀ ਕੰਮ ਹੈ। ਤਹਿਸੀਲ ਦੇ ਜਿੰਮੇਵਾਰ ਅਫਸਰਾਂ ਖਾਸ ਕਰ ਡੀ. ਐਸ. ਪੀ. ਸਾਹਿਬ ਨੇ ਇਸ ਘਟਨਾ ਦੇ ਜਿੰਮੇਂਵਾਰ ਕਰਮਚਾਰੀਆਂ ਵਿਰੁਧ ਕਾਰਵਾਈ ਕਰਨ ਦੀ ਬਜਾਏ ਇਸ ਤੇ ਪਰਦਾ ਪਾਉਣ ਦਾ ਯਤਨ ਕੀਤਾ। ਜਮਹੂਰੀ ਅਧਿਕਾਰ ਸਭਾ ਇਹ ਸਮਝਦੀ ਹੈ ਕਿ ਬਾਇਜ਼ਤ, ਜਿੰਮੇਂਵਾਰ ਨਾਗਰਿਕਾਂ ਉਤੇ ਦਿਨ ਪ੍ਰਤੀ ਦਿਨ ਵਧ ਰਹੇ ਪੁਲਸ ਦੇ ਹਮਲੇ ਤੇ ਉਹਨਾਂ ਪ੍ਰਤੀ ਸਰਕਾਰੀ ਅਤੇ ਪ੍ਰਬੰਧਕੀ ਨਜਰ-ਅੰਦਾਜੀ ਹਰ ਜਮਹੂਰੀਅਤ ਪਸੰਦ, ਅਮਨ ਪਸੰਦ ਤੇ ਚੇਤਨ ਸ਼ਹਿਰੀਆਂ ਲਈ ਇਕ ਵੱਡਾ ਚੈਲੰਜ ਹੈ। ਵਹਿਸ਼ੀਪੁਣੇ ਦਾ ਨੰਗਾ ਨਾਚ ਸਾਡੇ ਸਾਹਮਣੇ ਹੋ ਰਿਹਾ ਹੈ, ਆਓ ਅਪਣੇ ਮਤਭੇਦਾਂ ਨੂੰ ਕੁਝ ਚਿਰ ਲਾਂਭੇ ਰਖੀਏ। ਜ਼ੁਲਮ ਦੇ ਵਿਰੁਧ ਡੱਟਵੀਂ ਆਵਾਜ਼ ਉਠਾਈਏ। ਇਕ ਜਮਹੂਰੀ ਲਹਿਰ ਨੂੰ ਜਥੇਬੰਦ ਕਰੀਏ। ਇਹ ਸਮੇਂ ਦੀ ਲੋੜ ਹੈ।

ਗੁਰਸ਼ਰਨ ਸਿੰਘ

## ਇਕ ਸਪਸ਼ਟੀਕਰਨ

14 ਮਾਰਚ ਨਸਰਾਲੀ ਵਿਖੇ ਪੰਜਾਬ ਲੋਕ ਸਭਿਆਚਾਰ ਮੰਚ ਦੀ ਸਥਾਪਨਾ ਬਾਰੇ ਬਾਰੂ ਸਤਵਰਗ ਹੋਰਾਂ ਮਾਸਿਕ ਪਰਚੰਡ ਦੇ ਅਪ੍ਰੈਲ ਅੰਕ ਵਿਚ ਇਕ ਟਿਪਣੀ ਦਿਤੀ ਹੈ, ਉਹਨਾਂ ਦਾ ਵਿਚਾਰ ਹੈ ਕਿ ਇਹ ਮੰਚ ਕ੍ਰਾਂਤੀਕਾਰੀ ਸਾਹਿਤ ਸਭਾ ਦੇ ਬਦਲ ਦੇ ਰੂਪ ਵਿਚ ਉਸਾਰਿਆ ਜਾ ਰਿਹਾ ਹੈ! ਇਸ ਮੰਚ ਦੇ ਕਨਵੀਅਰ ਹੋਣ ਦੀ ਹੈਸੀਅਤ ਵਿਚ ਮੈਂ ਇਹ ਸਪੱਸ਼ਟ ਕਰ ਦੇਵਾਂ ਕਿ ਮੰਚ ਨਿਰੋਲ ਸਭਿਆਚਾਰਕ ਮੰਚ ਹੈ ਅਤੇ ਇਹਦਾ ਖੇਤਰ ਲੋਕ ਮੰਚ ਦਾ ਵਿਕਾਸ ਹੈ ਜਿਸ ਵਿਚ ਨਾਟਕ, ਗੀਤ, ਸੰਗੀਤ ਦੀਆਂ ਉਹ ਕਲਾਵਾਂ ਸ਼ਾਮਿਲ ਹਨ ਜਿਨ੍ਹਾਂ ਨੂੰ ਮੰਚ ਤੇ ਪੇਸ਼ ਕਰਨਾ ਹੈ। ਇਹ ਕਿਸੇ ਤਰ੍ਹਾਂ ਵੀ ਕਿਸੇ ਵੀ ਸਾਹਿਤ ਸਭਾ ਦਾ ਬਦਲ ਨਹੀਂ। ਇਹਦੀ ਤਿਆਰੀ ਕਮੇਟੀ ਵਿਚ ਬਾਰੂ ਸਤਵਰਗ ਹੋਰਾਂ ਦਾ ਨਾਂ ਮਾਲਵਾ ਲੋਕ ਨਾਟਕ ਕਲਾ ਕੇਂਦਰ ਦੇ ਸੰਚਾਲਕ ਰਾਮ ਸਰੂਪ ਅਣਖੀ ਹੋਰਾਂ ਦੇ ਤਜਵੀਜ਼ ਕਰਨ ਤੇ ਸ਼ਾਮਿਲ ਕੀਤਾ ਗਿਆ ਸੀ। ਉਹਨਾਂ ਦਾ ਉਹਨਾਂ ਦੀ ਪਰਵਾਨਗੀ ਲਏ ਬਗੈਰ ਸ਼ਾਮਿਲ ਕੀਤਾ ਗਿਆ, ਇਸ ਉਕਾਈ ਲਈ ਅਸੀਂ ਖਿਮਾਂ ਦੇ ਜਾਚਕ ਹਾਂ।

ਗੁਰਸ਼ਰਨ ਸਿੰਘ
ਕਨਵੀਨਰ ਪੰਜਾਬ ਲੋਕ ਸਭਿਆਚਾਰ ਮੰਚ

ਤੇਜਾ ਸਿੰਘ ਰੌਂਤਾ ਦਾ ਕਾਵਿ-ਸੰਗ੍ਰਹਿ **ਤਾਰੇ ਕਰਨ ਇਸ਼ਾਰੇ** ਛਪ ਗਿਆ ਹੈ।
ਪ੍ਰਕਾਸ਼ਕ : ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ

ਹਿੰਦੀ ਕਹਾਣੀ

# ਵੱਡੇ ਸਾਹਿਬ ਦਾ ਚਪੜਾਸੀ

○

## ਦਯਾਨੰਦ ਅਨੰਤ

○

### ਪੰਜਾਬੀ ਰੂਪ—ਅਮਰਜੀਤ ਸ਼ਰਮਾ

ਮੰਗਤ ਰਾਮ ਆਪਣੇ ਲੜਕੇ ਨੂੰ ਵੱਡੇ ਸਾਹਿਬ ਦੇ ਚਪੜਾਸੀ ਦੇ ਮਹੱਤਵ ਬਾਰੇ ਸਮਝਾ ਰਿਹਾ ਸੀ। ਭਗਤੂ ਮੰਜੀ ਦੇ ਕੋਲ ਖੜਾ ਮੂੰਹ ਅੱਡ ਕੇ ਆਪਣੇ ਬਾਪੂ ਦੀਆਂ ਗੱਲਾਂ ਸੁਣ ਰਿਹਾ ਸੀ।

"ਚਪੜਾਸੀ ਤਾਂ ਹਰ ਦਫਤਰ ਵਿਚ ਹੀ ਹੁੰਦੇ ਹਨ। ਆਪਣੇ ਪਿੰਡ ਦਾ ਲੱਛਮੀ ਵੀ ਤਾਂ ਚਪੜਾਸੀ ਹੀ ਹੈ, ਪਰ ਵੱਡੇ ਸਾਬ੍ਹ ਦੇ ਚਪੜਾਸੀ ਦੀ ਗੱਲ ਹੀ ਕੁੱਝ ਹੋਰ ਹੁੰਦੀ ਹੈ। ਆਪਣੇ ਨੇੜੇ-ਤੇੜੇ ਦਿਆਂ ਪਿੰਡਾਂ ਵਿਚ ਸਿਵਾਏ ਤੇਰੇ ਬਾਪੂ ਤੋਂ, ਕੋਈ ਵੀ ਵੱਡੇ ਸਾਬ੍ਹ ਦਾ ਚਪੜਾਸੀ ਨਹੀਂ ਹੈ। ਜਿਹੜੇ ਦੋ-ਚਾਰ ਚਪੜਾਸੀ ਹਨ, ਉਹ ਵੀ ਨਾ ਹੋਇਆਂ ਵਰਗੇ। ਇਹਨਾਂ ਦਾ ਕੰਮ ਬਾਬੂ ਲੋਕਾਂ ਲਈ ਚਾਹ-ਸਿਗਰਟ ਲਿਆਉਣਾ ਜਾਂ ਏਦਾਂ ਦੇ ਹੋਰ ਛੋਟੇ-ਮੋਟੇ ਕੰਮ ਕਰਨਾ ਹੁੰਦਾ ਹੈ। ਵੱਡੇ ਸਾਬ੍ਹ ਦਾ ਚਪੜਾਸੀ ਉਹੀ ਹੋ ਸਕਦਾ ਹੈ, ਜਿਸਦੇ ਵਿਚ ਕੋਈ ਕਾਬਲੀਅਤ ਹੋਵੇ। ਜਿਸਦੇ ਕੰਮ ਤੋਂ ਸਾਬ੍ਹ ਲੋਕ ਖੁਸ਼ ਹੋਣ ਅਤੇ ਜਿਸ ਉਤੇ ਉਹਨਾਂ ਨੂੰ ਵਿਸ਼ਵਾਸ ਹੋਵੇ।"

ਇਹ ਕਹਿੰਦਿਆਂ-ਕਹਿੰਦਿਆਂ ਮੰਗਤ ਰਾਮ ਨੂੰ ਸੁਆਦ ਆਉਣ ਲੱਗ ਪਿਆ ਸੀ। ਭਗਤੂ ਦੀਆਂ ਅੱਖਾਂ ਅੱਡੀਆਂ ਰਹਿ ਗਈ ਸਨ ਅਤੇ ਦੇਰ ਤਕ ਮੂੰਹ ਖੁੱਲਾ ਰਹਿਣ ਕਰਕੇ ਲਾਲ੍ਹਾਂ ਡਿੱਗ ਰਹੀਆਂ ਸਨ।

ਮੰਗਤ ਰਾਮ ਬੜੇ ਉਤਸ਼ਾਹ ਨਾਲ ਕਹੀ ਜਾ ਰਿਹਾ ਸੀ, "ਦਫ਼ਤਰ ਦੇ ਸਾਰੇ ਬਾਬੂ ਤੇਰੇ ਬਾਪੂ ਕੋਲੋਂ ਡਰਦੇ ਹਨ, ਇੱਥੋਂ ਤੱਕ ਕਿ ਵੱਡੇ ਬਾਬੂ ਵੀ ਤੇਰੇ ਬਾਪੂ ਦਾ ਆਦਰ ਕਰਦੇ ਹਨ। ਜਦ ਤੀਕ ਮੈਂ ਨਾ ਚਾਹਾਂ, ਕੋਈ ਵੱਡੇ ਸਾਬ੍ਹ ਕੋਲ ਫਟਕ ਵੀ ਨਹੀਂ ਸਕਦਾ। ਵੱਡੀ ਤੋਂ ਵੱਡੀ ਫਾਈਲ ਵੀ ਮੇਰੀ ਮਰਜ਼ੀ ਤੋਂ ਬਗੈਰ ਵੱਡੇ ਸਾਬ੍ਹ ਕੋਲ ਨਹੀਂ ਜਾ ਸਕਦੀ। ਮੈਂ ਜਿਸਦਾ ਚਾਹਾਂ ਟਰਾਂਸਫਰ ਕਰਵਾ ਸਕਦਾ ਹਾਂ। ਵੱਡੇ ਸਾਬ੍ਹ ਦਾ ਚਪੜਾਸੀ ਦਫਤਰ ਜੋ ਚਾਹੇ, ਕਰਵਾ ਸਕਦਾ ਹੈ।"

ਉਦੋਂ ਹੀ ਰਾਮੀ ਨੇ ਬਾਹਰੋਂ ਅਵਾਜ਼ ਮਾਰੀ ਕਿ ਰੋਟੀ ਬਣ ਗਈ ਹੈ।

ਦੂਸਰੇ ਦਿਨ ਸਵੇਰੇ ਜਦੋਂ ਮੰਗਤ ਰਾਮ ਦਫਤਰ ਜਾਣ ਲੱਗਾ ਤਾਂ ਭਗਤੂ ਨੇ ਜ਼ਿਦ ਫੜ ਲਈ ਕਿ ਉਹ ਵੀ ਆਪਣੇ ਬਾਪੂ ਨਾਲ ਦਫਤਰ ਜਾਵੇਗਾ। ਮੰਗਤ ਰਾਮ ਤੇ ਰਾਮੀ ਨੇ ਬਥੇਰਾ ਸਮਝਾਇਆ, ਪਰ ਉਸਨੇ ਕਿਸੇ ਦੀ ਨਾ ਮੰਨੀ। ਹਾਰ ਕੇ ਮੰਗਤ ਰਾਮ ਨੂੰ ਭਗਤੂ ਨੂੰ ਨਾਲ ਲਿਜਾਣਾ ਹੀ ਪਿਆ।

ਰਾਮੀ ਨੇ ਜਲਦੀ-ਜਲਦੀ ਭਗਤੂ ਦੇ ਕਪੜੇ ਬਦਲੇ ਤੇ ਉਹ ਖੁਸ਼ੀ ਨਾਲ ਟੱਪਦਾ, ਆਪਣੇ ਬਾਪੂ ਦੀ ਉਂਗਲੀ ਫੜ ਕੇ ਦਫਤਰ ਦੇਖਣ ਲਈ ਚੱਲ ਪਿਆ।

ਭਗਤੂ ਲਈ ਸੱਭ ਕੁੱਝ ਨਵਾਂ ਸੀ। ਬਾਰ੍ਹਾਂ ਸਾਲ ਦੀ ਉਮਰ ਵਿਚ ਉਹ ਪਹਿਲੀ ਵਾਰ ਆਪਣੇ ਬਾਪੂ ਕੋਲ ਦਿੱਲੀ ਆਇਆ ਸੀ। ਹਰ ਸਾਲ ਉਸਦਾ ਬਾਪੂ ਹੀ ਛੁੱਟੀਆਂ ਵਿਚ ਪਿੰਡ ਆ ਕੇ ਆਪਣੇ ਬੁੱਢੇ ਮਾਂ-ਬਾਪ, ਭਗਤੂ ਤੇ ਰਾਮੀ ਨੂੰ ਮਿਲ ਜਾਇਆ ਕਰਦਾ ਸੀ। ਭਗਤੂ ਹਰ ਵਾਰੀ ਆਪਣੇ ਬਾਬੂ ਨਾਲ ਦਿੱਲੀ ਜਾਣ ਲਈ ਜ਼ਿਦ ਫੜ ਲੈਂਦਾ। ਉਸਦੇ ਬੁੱਢੇ ਮਾਂ-ਬਾਪ ਨੇ ਵੀ ਕਈ ਵਾਰੀ ਆਖਿਆ ਕਿ ਘੱਟੋ-ਘੱਟ ਇਕ ਵੇਰ ਤਾਂ ਰਾਮੀ ਤੇ ਭਗਤੂ ਨੂੰ ਦਿੱਲੀ ਦਿਖਾ ਦੇਵੇ। ਪਰ ਮੰਗਤ ਰਾਮ ਕੋਈ ਨਾ ਕੋਈ ਬਹਾਨਾ ਲਾ ਕੇ, ਸਾਰਿਆਂ ਨੂੰ ਟਾਲ ਜਾਂਦਾ।

ਐਤਕੀਂ ਜਦੋਂ ਭਗਤੂ ਨੂੰ ਸਰਦੀਆਂ ਦੀਆਂ ਛੁੱਟੀਆਂ ਹੋਈਆਂ ਤਾਂ ਰਾਮੀ ਤੇ ਭਗਤੂ ਆਪਣੇ ਪਿੰਡ ਦੇ ਫੀਦੇ ਨਾਲ ਦਿੱਲੀ ਆ ਗਏ। ਉਹ ਦੋਵੇਂ ਬੜੇ ਖੁਸ਼ ਸਨ। ਭਗਤੂ ਤਾਂ ਖੁਸ਼ੀ ਵਿਚ ਉਡਿਆ ਫਿਰਦਾ ਸੀ। ਅੱਜ ਉਹ ਪਹਿਲੀ ਵਾਰ ਆਪਣੇ ਬਾਪੂ ਨਾਲ ਘੁੰਮਣ-ਫਿਰਨ ਜਾ ਰਿਹਾ ਸੀ। ਉਸਦਾ ਬਾਪੂ ਵੱਡੇ ਸਾਹਿਬ ਦੀ ਕੋਠੀ ਤੋਂ ਰੋਜ਼ ਹੀ ਰਾਤ ਨੂੰ ਦੇਰ ਨਾਲ ਆਉਂਦਾ ਸੀ। ਐਤਵਾਰ ਨੂੰ ਵੀ ਮੇਮ ਸਾਹਿਬ ਬੁਲਵਾ ਲਿਆ ਕਰਦੀ ਸੀ।

ਬਾਪ-ਬੇਟਾ ਜਦੋਂ ਬੱਸ ਅੱਡੇ ਤੇ ਪਹੁੰਚੇ ਤਾਂ ਬੱਸ ਦੀ ਲਾਈਨ ਵਿਚ ਖੜੇ ਕਈ ਬਾਬੂਆਂ ਨੇ 'ਰਾਮ-ਰਾਮ ਪੰਡਤ ਜੀ', 'ਪਾਏ ਲਾਗੇ ਪੰਡਤ ਜੀ' ਕਹਿ ਕੇ ਭਗਤੂ ਦਾ ਸਵਾਗਤ ਕੀਤਾ। ਜਦੋਂ ਮੰਗਤ ਰਾਮ ਭਗਤੂ ਦਾ ਹੱਥ ਫੜਕੇ ਬੱਸ ਵਿਚ ਚੜ੍ਹਨ ਲੱਗਾ ਤਾਂ ਕੰਡਕਟਰ ਨੇ ਉੱਚੀ ਆਵਾਜ਼ ਵਿਚ ਕਿਹਾ, "ਨਮਸਕਾਰ ਪੰਡਤ ਜੀ! ਕੀ ਅੱਜ ਕਾਕੇ ਨੂੰ ਦਿੱਲੀ ਦਿਖਾਉਣ ਲਈ ਜਾ ਰਹੇ ਹੋ?"

"ਨਮਸਕਾਰ...ਨਮਸਕਾਰ ਭਾਈ। ਨਹੀਂ ਭਾਈ, ਜਦੋਂ ਦਾ ਇਹ ਤੇ ਇਹਦੀ ਮਾਂ ਦਿੱਲੀ ਆਏ ਹਨ, ਇਹਨਾਂ ਨੂੰ ਘੁਮਾਉਣ ਦੀ ਵਿਹਲ ਹੀ ਨਹੀਂ ਮਿਲੀ। ਅੱਜ ਸੋਚਿਆ, ਭਗਤੂ ਨੂੰ ਦਫਤਰ ਹੀ ਦਿਖਾਦੇਵਾਂ।"

ਬੱਸ ਵਿਚ ਕੋਈ ਸੀਟ ਖ਼ਾਲੀ ਨਹੀਂ ਸੀ। ਮੰਗਤ ਰਾਮ ਦੇ ਦਫ਼ਤਰ ਦੇ ਇਕ ਕਲੱਰਕ ਨੇ ਭਗਤੂ ਨੂੰ ਆਪਣੀ ਗੋਦ ਵਿਚ ਬਿਠਾ ਲਿਆ।

ਬੱਸ ਚੱਲ ਪਈ।

ਅੱਡੇ ਤੋਂ ਲੈ ਕੇ ਦਫ਼ਤਰ ਤੱਕ, ਕਈ

ਚਪੜਾਸੀਆਂ ਤੇ ਬਾਬੂਆਂ ਨੂੰ ਮੰਗਤ ਰਾਮ ਨੂੰ 'ਰਾਮ-ਰਾਮ ਪੰਡਤ ਜੀ" ਕਿਹਾ। ਜੇ ਕਿਸੇ ਚਪੜਾਸੀ ਜਾਂ ਬਾਬੂ ਦੀ ਨਜ਼ਰ ਮੰਗਤ-ਰਾਮ ਤੇ ਨਾ ਪੈਂਦੀ ਤਾਂ ਉਹ ਆਪ ਆਵਾਜ਼ ਦੇ ਕੇ ਕਹਿੰਦਾ—"ਰਮੇਸ਼ ਬਾਬੂ, ਰਾਮ-ਰਾਮ।"

"ਰਾਮ-ਰਾਮ ਪੰਡਤ ਜੀ, ਕੀ ਹਾਲ-ਚਾਲ ਹੈ ?"

ਤੇ ਹਰੇਕ ਵਾਰ ਮੰਗਤਰਾਮ ਦੀ ਨਜਰ ਭਗਤੂ ਵੱਲ ਉੱਠ ਜਾਂਦੀ ਅਤੇ ਭਗਤੂ ਨੂੰ ਪ੍ਰਭਾਵਿਤ ਹੋਇਆ ਦੇਖ ਕੇ ਉਸਦੇ ਚਿਹਰੇ ਤੇ ਆਪਣੀ ਇੱਜ਼ਤ ਦੀ ਇਕ ਅਦਿਖ ਜਿਹੀ ਮੁਸਕ੍ਰਾਹਟ ਪਸਰ ਜਾਂਦੀ।

"ਵੱਡੇ ਸਾਬ੍ਹ ਦੇ ਚਪੜਾਸੀ ਦੀ ਸਾਰੇ ਇੱਜ਼ਤ ਕਰਦੇ ਹਨ, ਕਿਉਂਕਿ ਸਾਰਿਆਂ ਨੂੰ ਕਦੀ ਨਾਂ ਕਦੀ ਵੱਡੇ ਬਾਬੂ ਨਾਲ ਕੰਮ ਪੈਂਦਾ ਹੀ ਹੈ। ਸਾਰੇ ਜਾਣਦੇ ਹਨ ਕਿ ਵੱਡੇ ਬਾਬੂ ਤੇਰੇ ਬਾਪੂ ਦੀ ਮੁੱਠੀ ਵਿਚ ਹਨ। ਇਸ ਕਰਕੇ ਹੀ ਸਾਰੇ ਮੇਰਾ ਰੋਹਬ ਮੰਨਦੇ ਹਨ।"

"ਇਹ ਰਿਹਾ ਤੇਰੇ ਬਾਪੂ ਦਾ ਦਫਤਰ। ਤੇਰਾ ਬਾਪੂ ਲਛਮੂੰ ਵਾਂਗ ਛੋਟੇ-ਮੋਟੇ ਦਫਤਰ ਵਿਚ ਕੰਮ ਨਹੀਂ ਕਰਦਾ, ਵੱਡੇ ਦਫ਼ਤਰ ਵਿਚ ਕੰਮ ਕਰਦਾ ਹੈ, ਜੋ ਭਾਰਤ-ਵਰਸ਼ ਦਾ ਸਭ ਤੋਂ ਵੱਡਾ ਦਫਤਰ ਹੈ। ਸਾਰੇ ਦੇਸ਼ ਦਾ ਰਾਜ-ਪਾਠ ਇਥੋਂ ਹੀ ਚਲਦਾ ਹੈ। ਪਰਧਾਨ ਮੰਤਰੀ ਅਤੇ ਦੂਸਰੇ ਮੰਤਰੀ, ਸਾਰੇ ਇਸ ਦਫਤਰ ਵਿਚ ਹੀ ਬੈਠਦੇ ਹਨ।"

ਭਗਤੂ ਨੂੰ ਨਾਲ ਲਈ, ਕਈ ਬਰਾਂਡਿਆਂ ਤੇ ਕਮਰਿਆਂ ਵਿਚੋਂ ਲੰਘਦਾ ਹੋਇਆ ਮੰਗਤ ਰਾਮ ਇਕ ਵੱਡੇ ਸਾਰੇ ਕਮਰੇ ਵਿਚ ਪਹੁੰਚ ਗਿਆ, ਜਿੱਥੇ ਕਈ ਮੇਜ਼-ਕੁਰਸੀਆਂ ਲੱਗੀਆਂ ਹੋਈਆਂ ਸਨ। ਮੇਜ਼ਾਂ ਉੱਤੇ ਫਾਈਲਾਂ ਅਤੇ ਕਾਗਜ਼ ਖਿੱਲਰੇ ਪਏ ਸਨ। ਕੁੱਝ ਮੇਜ਼ਾਂ ਤੇ ਟਾਈਪਰਾਈਟਰ ਰੱਖੇ ਹੋਏ ਸਨ। ਕੰਧਾਂ ਨਾਲ ਲੱਗੇ ਹੋਏ ਰੈਕ ਫਾਈਲਾਂ ਨਾਲ ਭਰੇ ਸਨ।

ਹਾਲੀਂ ਸਿਰਫ ਵੱਡੇ ਬਾਬੂ ਤੇ ਦੋ-ਚਾਰ ਛੋਟੇ ਬਾਬੂ ਹੀ ਆਏ ਸਨ। ਮੰਗਤ ਰਾਮ ਭਗਤੂ ਨੂੰ ਵੱਡੇ ਬਾਬੂ ਦੇ ਮੇਜ਼ ਕੋਲ ਲੈ ਗਿਆ। ਪਹਿਲਾਂ ਉਸਨੇ ਖੁਦ ਵੱਡੇ ਬਾਬੂ ਨੂੰ ਰਾਮ-ਰਾਮ ਕੀਤੀ ਤੇ ਫ਼ੇਰ ਭਗਤੂ ਨੂੰ ਪ੍ਰਣਾਮ ਕਰਨ ਲਈ ਆਖਿਆ। "ਮੇਰਾ ਬੇਟਾ ਹੈ ਸਕਸੈਨਾ ਸਾਬ੍ਹ। ਪਿੰਡੋਂ ਆਇਆ ਹੈ। ਭਗਤੂ, ਪ੍ਰਣਾਮ ਕਰੋ ਵੱਡੇ ਬਾਬੂ ਸਾਬ੍ਹ ਨੂੰ।"

ਭਗਤੂ ਨੇ ਝਿਜਕਦਿਆਂ ਹੋਇਆਂ ਵੱਡੇ ਬਾਬੂ ਦੇ ਪੈਰਾਂ ਵੱਲ ਹੱਥ ਝੁਕਾ ਕੇ ਪ੍ਰਣਾਮ ਕੀਤਾ।

"ਜਿਉਂਦੇ ਰਹੋ-ਜਿਉਂਦੇ ਰਹੋ।" ਵੱਡੇ ਬਾਬੂ ਨੇ ਪੈਰ ਕੁਰਸੀ ਦੇ ਥੱਲੇ ਖਿਚਦਿਆਂ ਕਿਹਾ।

ਮੰਗਤ ਰਾਮ ਭਗਤੂ ਨੂੰ ਇਕ ਖ਼ਾਲੀ ਮੇਜ਼ ਕੋਲ ਲੈ ਗਿਆ ਅਤੇ ਉਸਨੂੰ ਕੁਰਸੀ ਤੇ ਬਿਠਾ ਦਿੱਤਾ। ਭਗਤੂ ਡਰਦਾ-ਡਰਦਾ ਕੁਰਸੀ ਤੇ ਬੈਠ ਗਿਆ।

ਮੰਗਤ ਰਾਮ ਫੇਰ ਵੱਡੇ ਬਾਬੂ ਕੋਲ ਆ ਗਿਆ। ਮੇਜ਼ ਦੇ ਕੋਲ ਖੜੇ ਹੋ ਕੇ ਆਪਣੀ ਵਰਦੀ ਦੀ ਉਪਰਲੀ ਜੇਬ ਵਿਚੋਂ ਬੀੜੀ ਕੱਢਕੇ ਲਾਈ, ਇਕ ਹੱਥ ਆਪਣੀ ਕਮਰ ਤੇ ਰੱਖ ਕੇ ਦੂਜੇ ਹੱਥ ਨਾਲ ਬੀੜੀ ਦੇ ਸੂਟੇ ਖਿੱਚਦਾ ਹੋਇਆ ਵੱਡੇ ਬਾਬੂ ਨਾਲ ਗੱਲਾਂ ਕਰਨ ਲੱਗਾ। ਕਿਸੇ ਗੱਲ ਤੇ ਦੋਵੇਂ ਇਕੱਠੇ ਹੀ ਉੱਚੀ ਦੇਣਾ ਹੱਸੇ ਤੇ ਮੰਗਤ ਰਾਮ ਦੀ ਨਜ਼ਰ ਭਗਤੂ ਵੱਲ ਚੜੀ ਗਈ। ਭਗਤੂ ਹੈਰਾਨ ਹੋਇਆ ਮੰਗਤ ਰਾਮ ਵੱਲ ਹੀ ਦੇਖ ਰਿਹਾ ਸੀ। ਥੋੜੇ ਚਿਰ ਪਿੱਛੋਂ ਉਹ ਭਗਤੂ ਕੋਲ ਆ ਗਿਆ।

ਲੱਗ-ਭੱਗ ਦਸ ਵੱਜਣ ਵਾਲੇ ਸਨ। ਇਕ-ਇਕ ਕਰਕੇ ਸੈਕਸ਼ਨ ਦੇ ਬਾਬੂ ਆਉਣ ਲੱਗੇ। ਵੱਡੇ ਬਾਬੂ ਨੂੰ ਨਮਸਕਾਰ ਕਰਕੇ ਆਪਣੀ-ਆਪਣੀ ਸੀਟ ਤੇ ਜਾ ਬੈਠਦੇ। ਇਕ-ਦੋ ਚਪੜਾਸੀ ਵੀ ਅੰਦਰ ਆਏ। ਵੱਡੇ ਬਾਬੂ ਤੇ ਮੰਗਤ ਰਾਮ ਨੂੰ 'ਰਾਮ-ਰਾਮ' ਕਰਕੇ ਬਾਹਰ ਸਟੂਲਾਂ ਤੇ ਬੈਠ ਗਏ।

ਭਗਤੂ ਨੂੰ ਇਕ ਵਾਰ ਫੇਰ ਇਕੱਲਾ ਛੱਡ ਕੇ ਮੰਗਤ ਰਾਮ ਬਾਬੂ ਲੋਕਾਂ ਨੂੰ ਮਿਲਣ ਚਲਾ ਗਿਆ। ਬਾਬੂ ਲੋਕਾਂ ਨੂੰ ਮਿਲ ਕੇ ਉਹ ਭਗਤੂ ਕੋਲ ਪਹੁੰਚਿਆ ਹੀ ਸੀ, ਕਿ ਖੱਦਰ ਦਾ ਕੁੜਤਾ-ਪਜਾਮਾ ਪਾਈ ਇਕ ਆਦਮੀ ਉਸ ਕੋਲ ਆਇਆ—"ਨਮਸਕਾਰ ਮੰਗਤਰਾਮ ਜੀ। ਸੁਣਾਓ, ਕੀ ਹਾਲ-ਚਾਲ ਹੈ ? ਇਹ ਤੁਹਾਡਾ ਲੜਕਾ ਹੈ ?"

"ਹਾਂ, ਮੇਰਾ ਬੇਟਾ ਹੈ। ਪਿੰਡੋਂ ਆਇਆ ਹੈ।"

ਲੇਕਿਨ ਮੰਗਤ ਰਾਮ ਨੇ ਇਸ ਵਾਰ ਭਗਤੂ ਨੂੰ ਇਸ ਆਦਮੀ ਨੂੰ, ਨਾ ਨਮਸਤੇ ਨਾ ਪ੍ਰਣਾਮ ਕਰਨ ਨੂੰ ਕਿਹਾ, ਜਿੱਦਾਂ ਉਸਨੇ ਵੱਡੇ ਬਾਬੂ ਜਾਂ ਦੂਸਰੇ ਲੋਕਾਂ ਨਾਲ ਮਿਲਾਉਂਦਿਆਂ ਹੋਇਆਂ ਕਿਹਾ ਸੀ। ਪਰੰਤੂ ਭਗਤੂ ਨੇ ਆਪਣੇ-ਆਪ ਹੀ ਹੱਥ ਜੋੜ ਕੇ ਨਮਸਤੇ ਕਰ ਦਿੱਤੀ। ਭਗਤੂ ਦੇ ਸਿਰ ਤੇ ਹੱਥ ਫੇਰਦਿਆਂ ਹੋਇਆਂ ਉਸ ਆਦਮੀ ਨੇ ਪੁੱਛਿਆ, "ਬੇਟੇ, ਕੀ ਨਾਂ ਹੈ ਤੁਹਾਡਾ ?"

"ਭਗਤ ਰਾਮ।" ਡਰੀ ਤੇ ਸੰਕੋਚਵੀਂ ਆਵਾਜ਼ ਵਿਚ ਭਗਤੂ ਨੇ ਕਿਹਾ।

"ਕਿਹੜੀ ਕਲਾਸ ਵਿਚ ਪੜ੍ਹਦੇ ਹੋ।?"

"ਸਤਵੀਂ 'ਚ।"

"ਦਿੱਲੀ ਕਿਹੋ ਜਿਹੀ ਲੱਗੀ ?"

ਚੌਹਾਨ ਭਾਈ, ਹਾਲੇ ਵਿਚਾਰੇ ਨੂੰ ਦਿੱਲੀ ਵਿਖਾ ਹੀ ਕਿੱਥੇ ਸਕਿਆ ਹਾਂ। ਇਸਨੂੰ ਤੇ ਇਹਦੀ ਮਾਂ ਨੂੰ ਦਿੱਲੀ ਆਇਆਂ ਪੰਦਰਾਂ ਦਿਨ ਹੋ ਗਏ ਹਨ, ਪਰ ਅਜੇ ਤੱਕ ਫੁਰਸਤ ਹੀ ਨਹੀਂ ਮਿਲੀ ਕਿ ਇਹਨਾਂ ਨੂੰ ਕਿਤੇ ਘੁਮਾ ਸਕਾਂ। ਅੱਜ ਇਸ ਨੇ ਜ਼ਿੱਦ ਫੜ ਲਈ ਤਾਂ ਦਿਖਾਉਣ ਵਾਸਤੇ ਲੈ ਆਇਆ।" ਭਗਤੂ ਦੇ ਬੋਲਣ ਤੋਂ ਪਹਿਲਾਂ ਹੀ ਮੰਗਤ ਰਾਮ ਨੇ ਜਵਾਬ ਦਿੱਤਾ।

"ਕੋਈ ਗੱਲ ਨਹੀਂ ਬੇਟਾ। ਤੇਰੇ ਪਿਤਾ ਜੀ ਬਹੁਤ ਕੰਮ-ਕਾਰ ਵਾਲੇ ਆਦਮੀ ਹਨ। ਮੈਂ ਤੈਨੂੰ ਦਿੱਲੀ ਦਿਖਾਵਾਂਗਾ। ਮੰਗਤ ਰਾਮ ਜੀ, ਐਸ ਐਤਵਾਰ ਨੂੰ ਇਹਨੂੰ ਮੇਰੇ ਘਰ ਭੇਜ ਦੇਣਾ। ਮੈਂ ਘੁਮਾ ਲਿਆਵਾਂਗਾ।"

ਮੰਗਤ ਰਾਮ ਨੂੰ ਚੌਹਾਨ ਦੀ ਇਹ ਗੱਲ ਚੰਗੀ ਨਹੀਂ ਲੱਗੀ। "ਚੌਹਾਨ ਜੀ, ਤੁਸੀਂ ਫ਼ਿਕਰ ਨਾ ਕਰੋ। ਇਸ ਐਤਵਾਰ ਨੂੰ ਮੈਂ ਖੁਦ ਇਸਨੂੰ ਤੇ ਇਹਦੀ ਮਾਂ ਨੂੰ ਕੁਤਬ ਲੈਕੇ ਜਾਵਾਂਗਾ।" ਉਸਦੀ ਆਵਾਜ਼ ਵਿਚ ਸਪਸ਼ਟ ਰੁੱਖਾਪਣ ਸੀ, ਜਿਸ ਨੂੰ ਭਗਤੂ ਵੀ ਸਮਝਦਾ ਸੀ।

ਭਗਤੂ ਦੀ ਪਿੱਠ ਥੱਪ-ਥਪਾ ਕੇ, ਉਹ ਆਦਮੀ ਫੇਰ ਉਸਦੇ ਬਾਪੂ ਨਾਲ ਗੱਲਾਂ ਕਰਨ ਲੱਗਾ—"ਪੰਡਤ ਜੀ, ਮੈਂ ਆਪਦੇ ਕੋਲ ਇਹ ਪੁੱਛਣ ਆਇਆ ਸੀ, ਕਿ ਤੁਸੀਂ ਕੀ ਸੋਚਿਆ ਹੈ?"

ਮੰਗਤ ਰਾਮ ਨੇ ਆਪਣੇ ਦੋਵੇਂ ਹੱਥ ਨਾਟਕੀ ਢੰਗ ਨਾਲ ਜੋੜ ਕੇ ਕਿਹਾ, "ਚੌਹਾਨ ਮੈਂ ਤੈਨੂੰ ਹਜ਼ਾਰ ਵਾਰ ਕਹਿ ਚੁੱਕਾ ਹਾਂ ਕਿ ਮੈਨੂੰ ਯੂਨੀਅਨ-ਯਾਨੀਅਨ ਵਿੱਚੋਂ ਕੁਝ ਨਹੀਂ ਲੈਣਾ-ਦੇਣਾ। ਮੈਂ ਕਦੀ ਵੀ ਯੂਨੀਅਨ ਦਾ ਮੈਂਬਰ ਨਹੀਂ ਬਣਾਂਗਾ। ਮੈਂ ਆਪਣੀ ਸਰਕਾਰ ਦਾ ਭਲਾ ਚਾਹੁਣ ਵਾਲਾ ਆਦਮੀ ਹਾਂ। ਰੱਬ ਦੇ ਵਾਸਤੇ ਮੇਰਾ ਪਿੱਛਾ ਛੱਡੋ।"

"ਮੰਗਤ ਰਾਮ ਜੀ, ਤੁਸੀਂ ਆਪਣੇ ਸਾਥੀਆਂ ਨਾਲ ਗੱਦਾਰੀ ਕਰ ਰਹੇ ਹੋ। ਭਾਰਤ ਸਰਕਾਰ ਦੇ ਸਾਰੇ ਚਪੜਾਸੀ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ ਕਰਨਗੇ। ਤੁਸੀਂ ਅਤੇ ਤੁਹਾਡੇ ਵਰਗੇ ਦੋ-ਚਾਰ ਹੋਰ ਆਪਣੇ ਸਾਥੀਆਂ ਨਾਲ ਗੱਦਾਰੀ ਕਰਨਗੇ। ਤੁਹਾਡੇ ਵਾਸਤੇ ਚੰਗੀ ਗੱਲ ਨਹੀਂ।"

"ਭਾਈ ਚੌਹਾਨ, ਮੈਂ ਤੈਨੂੰ ਕਈ ਵਾਰ ਕਹਿ ਚੁੱਕਾ ਹਾਂ ਕਿ ਮੈਂ ਵੱਡੇ ਸਾਬ੍ਹ ਨੂੰ ਨਰਾਜ਼ ਨਹੀਂ ਕਰ ਸਕਦਾ। ਉਹ ਮੇਰੇ ਮਾਈ-ਬਾਪ ਹਨ। ਉਹਨਾਂ ਨੇ ਮੈਨੂੰ ਯੂਨੀਅਨ ਵਿਚ ਸ਼ਾਮਲ ਹੋਣ ਤੋਂ ਮਨਾਂ ਕੀਤਾ ਹੈ। ਮੈਂ ਉਹਨਾਂ ਦੇ ਹੁਕਮ ਨੂੰ ਟਾਲ੍ਹ ਨਹੀਂ ਸਕਦਾ।"

"ਮੰਗਤ ਭਾਈ, ਉਸ ਸਾਲੇ ਤੋਂ ਤੈਨੂੰ ਕੁਝ ਨਹੀਂ ਮਿਲਣਾ। ਉਸਦੀ ਨਜ਼ਰ ਵਿਚ ਅਸੀਂ ਲੋਕ ਸਿਰਫ਼ ਚਪੜਾਸੀ ਹਾਂ—ਜਾਨਵਰਾਂ ਤੋਂ ਵੀ ਘਟੀਆ। ਉਸਦੇ ਕਰਕੇ ਹੀ ਆਪਣੀ ਯੂਨੀਅਨ ਦੀਆਂ ਮੰਗਾਂ ਨਹੀਂ ਮੰਨ ਹੋ ਰਹੀਆਂ। ਉਹ ਆਪਣੇ ਸਾਰਿਆਂ ਦਾ ਦੁਸ਼ਮਣ ਹੈ—ਦੁਸ਼ਮਣ।"

"ਚੌਹਾਨ ਭਾਈ, ਉਹ ਤੁਹਾਨੂੰ ਚਪੜਾਸੀ ਸਮਝਦੇ ਹੋਣਗੇ। ਮੇਰੇ ਲਈ ਤਾਂ ਉਹ ਬਾਪ ਤੋਂ ਵੀ ਵੱਧ ਹਨ। ਮੇਮ-ਸਾਹਿਬ ਤਾਂ..."

"ਹਾਂ...ਹਾਂ...ਕਿਉਂ ਨਹੀਂ, ਤੁਸੀਂ ਉਨ੍ਹਾਂ ਦੇ ਘਰੇਲੂ ਨੌਕਰ ਵੀ ਤਾਂ ਹੋ। ਮੇਮ ਸਾਹਿਬ ਲਈ ਸਬਜ਼ੀ ਲਿਆਉਂਦੇ ਹੋ। ਬਾਵਾ ਲੋਕਾਂ ਨੂੰ ਸੈਰ ਕਰਵਾਉਣ ਜਾਂਦੇ ਹੋ। ਇਸ ਦੇ ਬਦਲੇ ਉਹ ਤੇਰੇ ਅੱਗੇ ਵੀ ਇਕ ਟੁਕੜਾ ਸੁੱਟ ਦੇਂਦੇ ਹੋਣਗੇ। ਮੰਗਤ ਰਾਮ, ਤੁਸੀਂ ਲੋਕ ਗੁਲਾਮ ਹੋ, ਗੁਲਾਮ। ਇਨਸਾਨਾਂ ਵਾਂਗ ਜੀਣਾ ਤੁਸੀਂ ਕਦੀ ਨਹੀਂ ਸਿੱਖ ਸਕਦੇ।" ਇਹ ਕਹਿੰਦਾ ਹੋਇਆ ਉਹ ਆਦਮੀ ਗੁੱਸੇ ਨਾਲ ਭਰਿਆ ਚਲਾ ਗਿਆ।

ਭਗਤੂ ਨੂੰ ਆਪਣੇ ਬਾਪੂ ਨਾਲ ਏਦਾਂ ਦੀਆ ਗੱਲਾਂ ਕਰਦਾ ਉਹ ਆਦਮੀ ਚੰਗਾ ਨਹੀਂ ਲੱਗਿਆ। ਚੌਹਾਨ ਦੇ ਇਸ ਵਤੀਰੇ ਦਾ ਕਾਰਨ ਜਾਨਣ ਲਈ ਆਪਣੇ ਬਾਪੂ ਵੱਲ ਦੇਖਣ ਲੱਗਾ।

ਚੌਹਾਨ ਦੇ ਜਾਣ ਤੋਂ ਬਾਅਦ, ਇਕ ਕੁਰਸੀ ਤੇ ਪੈਰ ਸਿਕੋੜ ਕੇ ਬੈਠਦਿਆਂ ਮੰਗਤ ਰਾਮ ਨੇ ਉਸ ਜਾਂਦੇ ਹੋਏ ਆਦਮੀ ਵੱਲ ਦੇਖ ਕੇ 'ਹੂੰ' ਕਿਹਾ ਤੇ ਫੇਰ ਬੀੜੀ ਲਾ ਕੇ ਭਗਤੂ ਨੂੰ ਸਮਝਾਉਣ ਲੱਗਾ—"ਚਪੜਾਸੀ ਯੂਨੀਅਨ ਦਾ ਸੈਕਟਰੀ ਹੈ। ਮੇਰੇ ਨਾਲੋਂ ਬਹੁਤ ਜੂਨੀਅਰ ਹੈ, ਪਰ ਯੂਨੀਅਨ ਦੇ ਰੋਹਬ ਵਿਚ ਲੀਡਰ ਬਣਿਆ ਫਿਰਦਾ ਹੈ। ਮੈਨੂੰ ਕਹਿੰਦਾ ਹੈ ਯੂਨੀਅਨ ਦਾ ਮੈਂਬਰ ਬਣ ਜਾਵਾਂ। ਮੈਂ ਕਿਉਂ ਬਣਾਂ ਮੈਂਬਰ? ਮੈਨੂੰ ਆਪਣੀ ਸਰਕਾਰ ਨਾਲ ਕੋਈ ਸ਼ਿਕਾਇਤ ਨਹੀਂ ਹੈ। ਵੱਡੇ ਸਾਬ੍ਹ ਮੇਰੇ ਤੇ ਮਿਹਰਬਾਨ ਹਨ; ਏਸੇ ਕਰਕੇ ਹੀ ਇਹ ਸਾਰੇ ਸੜਦੇ ਹਨ।"

ਮੰਗਤ ਰਾਮ ਬੀੜੀ ਦਾ ਸੂਟਾ ਖਿੱਚ ਕੇ ਫੇਰ ਬੋਲਿਆ; "ਪਾਗਲ ਹਨ। ਕਹਿੰਦਾ ਹੈ, ਭਗਵਾਨ ਨੇ ਦੁਨੀਆਂ ਵਿਚ ਕੋਈ ਵੱਡਾ-ਛੋਟਾ ਨਹੀਂ ਬਣਾਇਆ, ਸੱਭ ਬਰਾਬਰ ਹਨ। ਕਹਿੰਦਾ, ਜੇਕਰ ਸਾਰੇ ਛੋਟੇ ਲੋਕ ਮਿਲ ਕੇ ਇਕ ਹੋ ਜਾਣ ਤਾਂ ਥੋੜੇ ਜਿਹੇ ਵੱਡੇ ਲੋਕਾਂ ਨੂੰ ਆਪਣੇ ਬਰਾਬਰ ਕਰ ਲੈਣ। ਸ਼ੁਦਾਈ ਕਿਤੋਂ ਦਾ, ਏਦਾਂ ਕਦੀ ਹੋ ਸਕਦਾ, ਭਗਵਾਨ ਨੇ ਸਾਨੂੰ ਛੋਟੇ-ਵੱਡੇ ਬਣਾਇਆ ਹੈ। ਪਿਛਲੇ ਜਨਮ ਦੇ ਕੀਤੇ ਕਰਮਾਂ ਕਰਕੇ ਅਸੀਂ ਵੱਡੇ-ਛੋਟੇ ਬਣਦੇ ਹਾਂ। ਵੱਡੇ ਸਾਬ੍ਹ ਨੇ ਪਿਛਲੇ ਜਨਮ ਵਿਚ ਚੰਗੇ ਕਰਮ ਕੀਤੇ ਹੋਣਗੇ, ਇਸ ਕਰਕੇ ਉਹ ਵੱਡੇ ਆਦਮੀ ਹਨ। ਮੈਂ ਏਨੇ ਚੰਗੇ ਕਰਮ ਨਹੀਂ ਕੀਤੇ ਹੋਣਗੇ, ਏਸ ਲਈ ਮੈਂ ਚਪੜਾਸੀ ਹਾਂ। ਮੈਂ ਇਹਨਾਂ ਕੋਮਨਿਸਟਾਂ ਦੀਆਂ ਗੱਲਾਂ ਵਿਚ ਨਹੀਂ ਆਉਣ ਵਾਲਾ।"

ਤੇ ਮੰਗਤ ਰਾਮ ਨਫਰਤ ਨਾਲ ਹੱਸਿਆ। ਤਦ ਅਚਾਨਕ ਉਸਦੀ ਨਜ਼ਰ ਘੜੀ ਤੇ ਪਈ, ਸਾਢੇ ਦਸ ਵੱਜ ਚੁੱਕੇ ਸਨ। ਉਸਨੇ ਭਗਤੂ ਨੂੰ ਕਿਹਾ, "ਚੱਲ ਤੈਨੂੰ ਵੱਡੇ ਸਾਬ੍ਹ ਦਾ ਕਮਰਾ ਵੀ ਵਿਖਾ ਦੇਵਾਂ।"

ਵੱਡੇ ਸਾਹਿਬ ਦਾ ਕਮਰਾ ਵੀ ਕਾਫੀ ਵੱਡਾ ਸੀ। ਉਸ ਵਿਚ ਬਹੁਤ ਵਧੀਆ ਤੇ ਵੱਡਾ, ਸਾਰਾ ਮੇਜ਼ ਲੱਗਾ ਹੋਇਆ ਸੀ। ਮੇਜ਼ ਦੇ ਇਕ ਪਾਸੇ ਵੱਡੀ ਢੋਅ ਵਾਲੀ ਕੁਰਸੀ ਪਈ ਸੀ ਅਤੇ ਉਸਦੇ ਸਾਹਮਣੇ ਵੱਲ ਗੱਦੀਆਂ

ਵਾਲੀਆਂ ਪੰਜ-ਛੇ ਕੁਰਸੀਆਂ ਲੱਗੀਆਂ ਹੋਈਆਂ ਸਨ। ਕਮਰੇ ਦੇ ਇੱਕ ਪਾਸੇ ਸੋਫਾ-ਸੈੱਟ ਤੇ ਸੈਂਟਰ ਟੇਬਲ ਸੀ, ਜਿਸ ਦੇ ਨਾਲ ਹੀ ਇੱਕ ਦਰਵਾਜ਼ਾ ਸੀ, ਜਿਹੜਾ ਵੱਡੇ ਸਾਹਿਬ ਨਿਜੀ ਵਰਤੋਂ ਵਿੱਚ ਆਉਣ ਵਾਲੇ ਟਾਇਲੇੱਟ ਵਿੱਚ ਖੁੱਲਦਾ ਸੀ। ਦੂਜੇ ਪਾਸੇ ਇੱਕ ਹੋਰ ਦਰਵਾਜਾ ਸੀ, ਜਿਹੜਾ ਵੱਡੇ ਸਾਹਿਬ ਦੇ 'ਪ੍ਰਸਨਲ ਸਚਿਵ' ਅਤੇ ਵੱਡੇ ਸਾਹਿਬ ਨੂੰ ਮਿਲਣ ਵਾਲਿਆਂ ਲਈ ਵੇਟਿੰਗ ਰੂਮ ਵਿੱਚ ਖੁੱਲਦਾ ਸੀ। ਕਮਰੇ ਵਿੱਚ ਲਾਲ ਰੰਗ ਦਾ ਕਾਲੀਨ ਵਿਛਿਆ ਹੋਇਆ ਸੀ। ਖਿੜਕੀਆਂ ਤੇ ਰੰਗੀਨ ਪਰਦੇ ਸਨ।

ਭਗਤੂ ਨੇ ਆਪਣੀ ਛੋਟੀ ਜਿਹੀ ਜ਼ਿੰਦਗੀ ਵਿੱਚ ਏਨਾਂ ਵੱਡਾ ਕਮਰਾ, ਏਨਾਂ ਵੱਡਾ ਮੇਜ, ਏਨਾਂ ਵਧੀਆ ਸਾਜ਼-ਸਮਾਨ, ਏਦਾਂ ਦੀ ਸਫਾਈ ਅਤੇ ਇਹੋ ਜਿਹਾ ਠਾਠ-ਬਾਠ ਕਿਤੇ ਨਹੀਂ ਦੇਖਿਆ ਸੀ। ਉਹ ਹੈਰਾਨ ਹੋਇਆ ਦਰਵਾਜ਼ੇ ਵਿੱਚ ਹੀ ਖੜਾ ਰਿਹਾ।

ਉਸ ਨੇ ਹੁਣ ਤੱਕ ਜਿਹੜਾ ਸਾਰਿਆਂ ਨਾਲੋਂ ਵਧੀਆ ਮੇਜ਼ ਦੇਖਿਆ ਸੀ, ਉਹ ਉਸ ਦੇ ਸਕੂਲ ਦੇ ਹੈੱਡ-ਮਾਸਟਰ ਦਾ ਸੀ। ਪਰੰਤੂ ਉਹ ਮੇਜ਼ ਤਾਂ ਇਸ ਮੇਜ਼ ਦੇ ਮੁਕਾਬਲੇ ਬਹੁਤ ਹੀ ਘਟੀਆ ਸੀ। ਘਟੀਆ ਲੱਕੜੀ ਦਾ, ਛੋਟੀਆਂ-ਵੱਡੀਆਂ ਲੱਤਾਂ ਵਾਲਾ ਤੇ ਵਗੈਰ ਪਾਲਿਸ਼ ਤੋਂ। ਵੱਡੇ ਸਾਹਿਬ ਦੇ ਮੇਜ਼ ਉਤੇ ਮੋਟੇ ਕੱਚ ਦਾ ਚੌਰਸ ਟੁਕੜਾ ਰੱਖਿਆ ਹੋਇਆ ਸੀ। ਕੱਚ ਦੀ ਟਰੇਅ ਵਿੱਚ ਕਈ ਤਰਾਂ ਦੇ ਡੰਕ ਪਏ ਸਨ। ਚਮਕੀਲੇ ਕੱਚ ਦੇ ਪੇਪਰ-ਵੇਟ ਸਨ। ਤਿੰਨ ਵੱਖੋ-ਵੱਖਰੇ ਰੰਗਾਂ ਦੇ ਟੈਲੀਫੂਨ ਤੇ ਸਜਾਵਟ ਦੀਆਂ ਹੋਰ ਕਈ ਚੀਜ਼ਾਂ ਸਨ, ਜਿਨ੍ਹਾਂ ਨੂੰ ਭਗਤੂ ਪਹਿਲੀ ਵਾਰ ਦੇਖ ਰਿਹਾ ਸੀ।

ਮੰਗਤ ਰਾਮ ਨੇ ਉਸ ਨੂੰ ਅੰਦਰ ਆਉਣ ਲਈ ਕਿਹਾ ਤੇ ਆਪ ਮੇਜ਼ ਸਾਫ਼ ਕਰਨ ਲੱਗ ਪਿਆ। ਭਗਤੂ ਡਰਦਾ-ਡਰਦਾ ਮੇਜ਼ ਕੋਲ ਆਕੇ ਖੜੋ ਗਿਆ ਸੀ।

"ਇਹ ਵੱਡੇ ਸਾਬ੍ਹ ਦਾ ਕਮਰਾ ਹੈ। ਵੱਡੇ ਸਾਬ੍ਹ ਏਥੇ ਬੈਠਦੇ ਹਨ। ਸਾਬ੍ਹ ਭਾਰਤ ਸਰਕਾਰ ਦੇ ਸੈਕਟਰੀ ਹਨ। ਆਈ. ਏ. ਐੱਸ. ਹਨ। ਵਿਲਾਇਤ ਤੋਂ ਪੜ੍ਹ ਕੇ ਆਏ ਹਨ। ਸੈਕਟਰੀ ਬਹੁਤ ਵੱਡਾ ਸਾਬ੍ਹ ਹੁੰਦਾ ਹੈ, ਸਾਰੀ ਮਿਨਿਸਟਰੀ ਦਾ ਮਾਲਕ ਹੁੰਦਾ ਹੈ। ਚਾਰ ਹਜ਼ਾਰ ਰੁਪਏ ਤਨਖਾਹ ਮਿਲਦੀ ਹੈ ਵੱਡੇ ਸਾਬ੍ਹ ਨੂੰ। ਆਹ ਦੇਖ, ਏਦਾਂ ਦੀ ਕੁਰਸੀ ਤੂੰ ਦੇਖੀ ਹੈ ਕਦੀ ? ਇਸ ਨੂੰ 'ਰਿਵਾਲਿੰਗ ਚੇਅਰ' ਕਹਿੰਦੇ ਹਨ। ਦੇਖ, ਕਿੱਦਾਂ ਘੁੰਮਦੀ ਹੈ।"

ਮੰਗਤ ਰਾਮ ਦੇ ਕਹਿਣ ਤੇ ਭਗਤੂ ਕੁਰਸੀ ਘੁਮਾਉਣ ਲੱਗ ਪਿਆ। ਉਸ ਨੂੰ ਖੁਸ਼ ਦੇਖ ਕੇ ਮੰਗਤ ਰਾਮ ਨੇ ਪੁੱਛਿਆ, "ਬੈਠਣਾ ਇਹ ਤੇ ? ਬੈਠ ਜਾ— ਬੈਠ ਜਾ—। ਤੂੰ ਵੀ ਕੀ ਚੇਤੇ ਕਰੂੰਗਾ ਕਿ ਤੇਰੇ ਬਾਪ ਨੇ ਤੈਨੂੰ 'ਰਿਵਾਲਿੰਗ ਚੇਅਰ' ਤੇ ਬਿਠਾਇਆ ਸੀ।"

ਮੰਗਤ ਰਾਮ ਦੇ ਕਹਿਣ ਦੀ ਦੇਰ ਸੀ, ਭਗਤੂ ਟਪੂਸੀ ਮਾਰ ਕੇ ਕੁਰਸੀ ਤੇ ਬੈਠ ਗਿਆ ਅਤੇ ਕੁਰਸੀ ਨੂੰ ਘੁੰਮਾਉਣ ਲੱਗਾ। ਡਰ-ਝਿਜਕ ਉਸ ਦੇ ਅੰਦਰੋਂ ਨਿਕਲ ਚੁੱਕਾ ਸੀ। ਕੁਰਸੀ ਨੂੰ ਘੁੰਮਾਉਂਦਾ ਹੋਇਆ ਉੱਚੀ ਉੱਚੀ ਹੱਸ ਰਿਹਾ ਸੀ। ਮੰਗਤ ਰਾਮ ਮੇਜ਼ ਦੇ ਕੋਲ ਖੜਾ, ਬੜਾ ਖੁਸ਼-ਖੁਸ਼ ਉਸਨੂੰ ਦੇਖ ਰਿਹਾ ਸੀ।

"ਲਿਆ, ਮੈਂ ਘੁਮਾਂਦਾ ਹਾਂ ਤੈਨੂੰ।"

ਅਤੇ ਉਹ ਕੁਰਸੀ ਦੇ ਪਿੱਛੇ ਜਾ ਕੇ ਤੇਜ਼ੀ ਨਾਲ ਘੁਮਾਉਣ ਲੱਗਾ। ਉਹ ਜਿੰਨੀ ਤੇਜ਼ ਕੁਰਸੀ ਨੂੰ ਘੁੰਮਾਉਂਦਾ, ਭਗਤੂ ਹੋਰ ਉੱਚੀ ਹੱਸੀ ਜਾ ਰਿਹਾ ਸੀ। ਉਸਨੂੰ ਹੱਸਦਿਆਂ ਦੇਖ ਕੇ, ਮੰਗਤ ਰਾਮ ਵੀ ਉੱਚੀ ਉੱਚੀ ਹੱਸਣ ਲੱਗ ਪਿਆ।

ਦੋਵੇਂ ਪਿਉ-ਪੁੱਤ ਇਸ ਖੇਡ ਵਿਚ ਏਨੇ ਮਗਨ ਸਨ, ਕਿ ਉਹਨਾਂ ਨੂੰ ਇਹ ਵੀ ਪਤਾ ਨਹੀਂ ਲੱਗਿਆ ਕਿ ਵੱਡੇ ਸਾਹਿਬ ਕਦੋਂ ਕਮਰੇ ਵਿਚ ਆ ਗਏ। ਉਨ੍ਹਾਂ ਨੂੰ ਵੱਡੇ ਸਾਹਿਬ ਦੇ ਆਉਣ ਦਾ ਪਤਾ ਉਦੋਂ ਲੱਗਿਆ, ਜਦੋਂ ਵੱਡੇ ਸਾਹਿਬ ਦੀ ਗੁੱਸੇ ਵਿਚ ਭਰੀ ਆਵਾਜ਼ ਕੜਕੀ—"ਵਾਟ ਇਜ਼ ਦਿਸ ਗੋਇੰਗ ਆਨ ?"

ਮੰਗਤ ਰਾਮ ਨੇ ਚੌਂਕ ਕੇ ਸਿਰ ਚੁੱਕਿਆ ਤਾਂ ਦੇਖਿਆ 'ਸੈਕਰੇਟਰੀ' ਸਾਹਿਬ ਸਾਮ੍ਹਣੇ ਖੜੇ ਹਨ। ਉਨ੍ਹਾਂ ਦੇ ਹੱਥ ਵਿਚ ਜਲਦਾ ਹੋਇਆ ਪਾਇਪ ਸੀ ਅਤੇ ਸੱਜੇ ਹੱਥ ਨਾਲ ਇਸ਼ਾਰਾ ਕਰਕੇ ਗੁੱਸੇ ਵਿਚ ਪੁੱਛ ਰਹੇ ਸਨ— "ਹੂ ਇਜ਼ ਦਿਸ ਬਾਸਟਰਡ ? ਛੋਕਰਾ ਕੌਣ ਹੈ? ਕਿਸ ਦੀ ਇਜਾਜ਼ਤ ਨਾਲ ਅੰਦਰ ਆਇਆ ?"

ਮੰਗਤ ਰਾਮ ਦਾ ਲਹੂ ਜਿਵੇਂ ਜੰਮ ਗਿਆ ਹੋਵੇ ! ਉਸ ਨੂੰ ਉਮੀਦ ਨਹੀਂ ਸੀ ਸਾਹਿਬ ਏਨੀ ਛੇਤੀ ਆ ਜਾਣਗੇ। ਹਾਲੇ ਤਾਂ ਗਿਆਰਾਂ ਵੀ ਨਹੀਂ ਵੱਜੇ ਸਨ ਅਤੇ ਸਾਹਿਬ ਹੋਰੀਂ ਗਿਆਰਾਂ ਤੋਂ ਪਹਿਲਾਂ ਕਦੀ ਆਏ ਨਹੀਂ ਸਨ।

ਬੜੀ ਮੁਸ਼ਕਲ ਨਾਲ ਆਪਣੇ ਆਪ ਨੂੰ ਸੰਭਾਲਦਾ ਹੋਇਆ, ਗਿੜਗਿੜਾਉਂਦੀ ਅਵਾਜ਼ ਵਿਚ ਮੰਗਤ ਰਾਮ ਬੋਲਿਆ, "ਗੁੱਡ ਮਾਰਨਿੰਗ ਹਜ਼ੂਰ। ਸਰਕਾਰ ਇਹ ਮੇਰਾ ਲੜਕਾ ਹੈ। ਪਿੰਡੋਂ ਆਇਆ ਹੈ। ਭਗਤੂ, ਪ੍ਰਣਾਮ ਕਰ ਵੱਡੇ ਸਾਬ੍ਹ ਨੂੰ।" ਪਰ ਉਹ ਏਨਾ ਘਬਰਾਇਆ ਹੋਇਆ ਸੀ, ਉਸਨੂੰ ਇਹ ਵੀ ਨਹੀਂ ਸੁੱਝਿਆ ਕਿ ਘੁੰਮਦੀ ਹੋਈ ਕੁਰਸੀ ਨੂੰ ਰੋਕ ਦੇਵੇ ਅਤੇ ਉੱਠ ਕੇ ਵੱਡੇ ਸਾਹਿਬ ਨੂੰ ਪ੍ਰਣਾਮ ਕਰੇ।

"ਮੰਗਤ ਰਾਮ, ਇਹ ਆਫ਼ਿਸ ਹੈ। ਨਰਸਰੀ ਨਹੀਂ ਹੈ। ਇਸ ਨੂੰ ਫੌਰਨ ਘਰ ਦਫ਼ਾ ਕਰੋ। ਐਂਡ ਗੈੱਟ-ਆਊਟ ਆਫ ਹੇਅਰ।"

ਮੰਗਤ ਰਾਮ ਇਕ ਪਲ ਲਈ ਤਾਂ ਭੌਂਚੱਕਾ ਰਹਿ

ਗਿਆ। ਲੇਕਿਨ, ਜਦੋਂ ਸਾਹਿਬ ਨੇ ਗੁੱਸੇ ਨਾਲ ਕੰਬਦੀ ਆਵਾਜ਼ ਵਿਚ ਦੁਹਰਾਇਆ, "ਆਈ·ਸੇ ਗੈਟ ਆਊਟ ਆਫ ਹੇਅਰ...!" ਤਾਂ ਉਸ ਵਿਚ ਅਚਾਨਕ ਜਾਨ ਆ ਗਈ। ਉਸ ਨੇ ਲਪਟ ਕੇ ਭਗਤੂ ਦਾ ਹੱਥ ਫੜਿਆ ਅਤੇ ਧੂਹਦਾ ਹੋਇਆ ਬਾਹਰ ਲੈ ਆਇਆ।

ਬਾਹਰ ਉਸ ਦੇ ਹੀ 'ਡਿਪਾਟਮੈਂਟ' ਦਾ ਚਪੜਾਸੀ ਦੇਵੀ ਦੱਤ ਸਟੂਲ ਤੇ ਬੈਠਾ ਬੀੜੀ ਪੀ ਰਿਹਾ ਸੀ। ਮੰਗਤ ਰਾਮ ਨੇ ਦੇਵੀਦੱਤ ਨੂੰ ਮਿੰਨਤ ਭਰੇ ਲਹਿਜੇ ਵਿਚ ਕਿਹਾ ਕਿ ਉਹ ਭਗਤੂ ਨੂੰ ਘਰ ਛੱਡ ਆਵੇ।

"ਵੱਡੇ ਬਾਬੂ ਨੂੰ ਮੈਂ ਦੱਸ ਦੇਵਾਂਗਾ, ਕਿ ਮੈਂ ਤੈਨੂੰ ਭੇਜਿਆ ਹੈ।" ਅਤੇ ਉਸ ਨੇ ਦੇਵੀ ਦੱਤ ਦੇ ਹੱਥ ਤੇ ਕਿਰਾਏ ਦੇ ਪੈਸੇ ਰੱਖ ਦਿੱਤੇ।

ਸ਼ਾਮ ਨੂੰ ਜਦ ਮੰਗਤ ਰਾਮ ਘਰ ਪਹੁੰਚਿਆ ਤਾਂ ਰਾਮੀ ਨੂੰ ਉਸ ਦੇ ਛੇਤੀ ਆ ਜਾਣ ਤੇ ਹੈਰਾਨੀ ਹੋਈ—"ਅੱਜ ਵੱਡੇ ਸਾਬ੍ਹ ਦੀ ਕੋਠੀ ਨਹੀਂ ਗਏ?"

"ਨਹੀ, ਅੱਜ ਮੇਰੀ ਤਬੀਅਤ ਠੀਕ ਨਹੀਂ ਹੈ।"

"ਮੇਮ-ਸਾਬ੍ਹ ਤਾਂ ਬਹੁਤ ਨਰਾਜ਼ ਹੋਣਗੇ। ਤੁਹਾਨੂੰ...।"

"ਚੰਗਾ... ...ਚੰਗਾ... ...ਮੇਰਾ ਦਿਮਾਗ ਨਾ ਚੱਟ। ਮੈਂ ਉਨ੍ਹਾਂ ਦਾ ਘਰੇਲੂ ਨੌਕਰ ਨਹੀਂ ਹਾਂ ਕਿ ਰੋਜ਼ ਉਨ੍ਹਾਂ ਦੀ ਕੋਠੀ ਤੇ ਹਾਜ਼ਰੀ ਲਗਾਵਾਂ। ਸਾਲੇ ਨਰਾਜ਼ ਹੋਣਗੇ ਤਾਂ ਹੋ ਜਾਣ। ਮੇਰਾ ਕੀ ਬਿਗਾੜ ਲੈਣਗੇ? ਮੈਂ ਭਾਰਤ ਸਰਕਾਰ ਦਾ ਨੌਕਰ ਹਾਂ, ਉਹਨਾਂ ਦੇ ਘਰ ਦਾ ਨੌਕਰ ਨਹੀਂ।"

ਰਾਮੀ ਕੁਝ ਹੋਰ ਕਹਿਣਾ ਚਾਹੁੰਦੀ ਸੀ, ਪਰ ਆਪਣੇ ਆਦਮੀ ਦਾ ਮੂਡ ਵਿਗੜਿਆ ਦੇਖ ਕੇ, ਉਲਟੇ ਪੈਰੀਂ ਰਸੋਈ ਵਿਚ ਆ ਗਈ। ਉਹ ਮੰਗਤ ਰਾਮ ਤੋਂ ਬਹੁਤ ਡਰਦੀ ਸੀ। ਜਦੋਂ ਉਸਦਾ ਮੂਡ ਖਰਾਬ ਹੁੰਦਾ ਤਾਂ ਉਸਦੇ ਸਾਹਮਣੇ ਆਉਣ ਤੋਂ ਵੀ ਕਤਰਾਂਦੀ ਸੀ।

ਥੋੜੇ ਚਿਰ ਪਿੱਛੋਂ, ਉਹ ਚਾਹ ਦਾ ਗਲਾਸ ਲੈ ਕੇ ਆਈ। ਮੰਗਤ ਰਾਮ ਆਪਣੇ ਅਸੂਲ ਤੋਂ ਉਲਟ, ਵਰਦੀ ਸਮੇਤ ਹੀ ਮੰਜੇ ਤੇ ਲੰਮਾ ਪਿਆ ਸੀ। ਪਰੰਤੂ, ਰਾਮੀ ਕੁਝ ਨਹੀਂ ਬੋਲੀ। ਮੰਜੇ ਦੇ ਲਾਗੇ ਪਏ ਬਕਸੇ ਉੱਤੇ ਚਾਹ ਦਾ ਗਲਾਸ ਰੱਖ ਕੇ, ਉਹ ਮੁੜਨ ਹੀ ਲੱਗੀ ਸੀ ਕਿ ਮੰਗਤ ਰਾਮ ਨੇ ਆਵਾਜ਼ ਮਾਰ ਕੇ ਪੁੱਛਿਆ, "ਭਗਤੂ ਕਿੱਥੇ ਹੈ?"

"ਬਾਹਰ ਖੇਡ ਰਿਹਾ ਹੈ।"

ਮੰਗਤ ਰਾਮ ਦੇ ਦਿਲ ਵਿਚ ਆਇਆ ਕਿ ਰਾਮੀ ਤੋਂ ਪੁੱਛੇ, ਭਗਤੂ ਨੇ ਘਰ ਆ ਕੇ ਕੀ-ਕੀ ਦੱਸਿਆ। ਲੇਕਿਨ ਉਸਦਾ ਹੌਸਲਾ ਨਹੀਂ ਪਿਆ। ਰਾਮੀ ਵਾਪਿਸ ਰਸੋਈ ਵਿਚ ਚਲੀ ਗਈ।

ਮੰਗਤ ਰਾਮ ਉੱਠ ਕੇ ਬੈਠ ਗਿਆ। ਉਸ ਨੇ ਪਤਲੂਣ ਦੀ ਜੇਬ ਵਿਚੋਂ, ਰਾਮੀ ਦੀ ਪੁਰਾਣੀ ਸਾੜ੍ਹੀ ਤੋਂ ਬਣਾਇਆ ਰੁਮਾਲ ਕੱਢਿਆ ਅਤੇ ਉਸ ਨਾਲ ਗਲਾਸ ਫੜ ਕੇ ਚਾਹ ਪੀਣ ਲੱਗਾ। ਸਵੇਰ ਵਾਲੀ ਘਟਨਾ ਉਸਦੇ ਮਨ ਨੂੰ ਦੁਖੀ ਕਰ ਰਹੀ ਸੀ। ਵੱਡੇ ਸਾਬ੍ਹ ਨੇ ਕਦੀ ਇਸ ਤਰ੍ਹਾਂ ਉਸ ਦੀ ਬੇ-ਇੱਜ਼ਤੀ ਨਹੀਂ ਕੀਤੀ। ਪਰੰਤੂ, ਉਸ ਨੇ ਵੀ ਤਾਂ ਵੱਡੇ ਸਾਬ੍ਹ ਅੱਗੇ ਕਦੀ ਇਹੋ ਜਿਹੀ ਹਰਕਤ ਨਹੀਂ ਕੀਤੀ ਸੀ। ਪਤਾ ਨਹੀਂ ਕੀ ਹੋ ਗਿਆ ਸੀ ਉਸ ਨੂੰ। ਲੇਕਿਨ ਉਹ ਸਾਲਾ ਵੀ ਤਾਂ ਬਾਪ ਹੈ, ਉਸ ਨੂੰ ਸਮਝਣਾ ਚਾਹੀਦਾ ਸੀ। ਸਾਲਾ ਆਪਣੇ ਨਿਆਣਿਆਂ ਨੂੰ ਕਿੱਦਾਂ ਪਿਆਰ ਕਰਦਾ ਹੈ। ਜੇਕਰ ਅਸੀਂ...।

ਤਦ ਉਸ ਨੇ ਖਿੜਕੀ ਤੋਂ ਬਾਹਰ ਭਗਤੂ ਦੀ ਆਵਾਜ਼ ਸੁਣੀ। ਉਹ ਕਲੋਨੀ ਦੇ ਦੂਸਰੇ ਮੁੰਡਿਆਂ ਨਾਲ ਖੇਡ ਰਿਹਾ ਸੀ। ਮੁੰਡੇ ਉਸਦੇ ਕਵਾਟਰ ਦੀ ਖਿੜਕੀ ਕੋਲ ਬੰਟੇ ਖੇਡ ਰਹੇ ਸਨ। ਆਵਾਜ਼ ਤੋਂ ਹੀ ਪਹਿਚਾਣ ਗਿਆ ਕਿ ਭਗਤੂ ਨਾਲ ਗੰਗਾ ਦੱਤ ਅਤੇ ਕਲਮ ਸਿੰਘ ਦੇ ਮੁੰਡੇ ਖੇਡ ਰਹੇ ਸਨ।

ਮੰਗਤ ਰਾਮ ਭਗਤੂ ਦੇ ਸਾਹਮਣੇ ਨਹੀਂ ਹੋਣਾ ਚਾਹੁੰਦਾ ਸੀ। ਵੱਡੇ ਸਾਹਿਬ ਦੇ ਕਮਰੇ ਵਿਚ ਵਾਪਰੀ ਘਟਨਾ ਮਗਰੋਂ, ਭਗਤੂ ਨਾਲ ਉਸ ਦੀ ਕੋਈ ਗੱਲ-ਬਾਤ ਨਹੀਂ ਹੋਈ ਸੀ। ਉਹ ਚਾਹੁੰਦਾ ਸੀ ਕਿ ਭਗਤੂ ਦੇ ਆਉਣ ਤੋਂ ਪਹਿਲਾਂ ਹੀ ਝੂਠ-ਮੂਠ ਦਾ ਬਹਾਨਾ ਕਰਕੇ ਸੌਂ ਜਾਵੇ ਅਤੇ ਸਵੇਰ ਨੂੰ ਭਗਤੂ ਦੇ ਉੱਠਣ ਤੋਂ ਪਹਿਲਾਂ ਹੀ ਦਫਤਰ ਚਲਾ ਜਾਵੇ।

ਉਹ ਅਜੇ ਸੋਚ ਹੀ ਰਿਹਾ ਸੀ ਤਦੋਂ ਉਸ ਨੂੰ ਸੁਲਤਾਨ ਦੀ ਆਵਾਜ਼ ਸੁਣਾਈ ਦਿੱਤੀ। ਸੁਲਤਾਨ ਭਗਤੂ ਨੂੰ ਪੁੱਛ ਰਿਹਾ ਸੀ—"ਓਏ ਭਗਤੂ, ਤੂੰ ਅੱਜ ਆਪਣੇ ਬਾਪੂ ਨਾਲ ਦਫ਼ਤਰ ਗਿਆ ਸੀ? ਕੀ ਦੇਖਿਆ ਤੂੰ ਉੱਥੇ?"

ਅੰਦਰ ਖਿੜਕੀ ਦੇ ਉਹਲੇ ਮੰਜੇ ਤੇ ਬੈਠੇ ਮੰਗਤ ਰਾਮ ਦਾ ਦਿਲ ਅਚਾਨਕ ਤੇਜ਼ੀ ਨਾਲ ਧੜਕਣ ਲੱਗਾ। ਉਸ ਦਾ ਹੱਥ ਇੰਨੀ ਜ਼ੋਰ ਨਾਲ ਕੰਬਿਆ ਕਿ ਗਲਾਸ ਵਿਚੋਂ ਚਾਹ ਡੁਲ੍ਹਦੀ-ਡੁਲ੍ਹਦੀ ਬਚੀ।

"ਬਹੁਤ ਮਜ਼ਾ ਆਇਆ ਉੱਥੇ। ਬਾਪੂ ਨੇ ਕਈ ਕੁੱਝ ਖਿਲਾਇਆ।"

"ਤੂੰ ਵੱਡੇ ਸਾਬ੍ਹ ਨੂੰ ਵੀ ਦੇਖਿਆ ਸੀ?

"ਬਾਪੂ ਨੇ ਮੈਨੂੰ ਵੱਡੇ ਸਾਬ੍ਹ ਨਾਲ ਵੀ ਮਿਲਾਇਆ। ਵੱਡੇ ਸਾਬ੍ਹ ਮੈਨੂੰ ਦੇਖ ਕੇ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਪੁੱਛਿਆ, ਕਿਹੜੀ ਕਲਾਸ ਵਿਚ ਪੜ੍ਹਦੇ ਹੋ ਬੇਟੇ।...ਤੇ...ਤੇ...ਉਨ੍ਹਾਂ ਨੇ ਮੈਨੂੰ ਖਾਣ ਲਈ ਉਹ ਦਿੱਤਾ...ਉਹ...ਕੀ ਕਹਿੰਦੇ ਹਨ ਉਸ ਨੂੰ?

ਅੰਗਰੇਜ਼ੀ ਮਿਠਾਈ...।"

"ਚਾਕਲੇਟ ?"

"ਆਹੋ...ਆਹੋ...ਚਾਕਲੇਟ...ਚਾਕਲੇਟ...।"

"ਤੇਰੇ ਬਾਪੂ ਬਹੁਤ ਭਾਗਾਂ ਵਾਲੇ ਹਨ। ਵੱਡੇ ਸਾਬ੍ਹ ਦੇ ਚਪੜਾਸੀ ਹਨ। ਵੱਡਾ ਹੋ ਕੇ ਤੂੰ ਵੀ ਵੱਡੇ ਸਾਬ੍ਹ ਦਾ ਚਪੜਾਸੀ ਬਣਨਾ।' ਦੇਵਾ ਦੱਤ ਬੋਲਿਆ।

"ਨਹੀਂ, ਮੈਂ ਵੱਡੇ ਸਾਬ੍ਹ ਦਾ ਚਪੜਾਸੀ ਨਹੀਂ ਬਣੂੰਗਾ।" ਭਗਤੂ ਦੀ ਅਵਾਜ਼ ਵਿਚ ਦ੍ਰਿੜ੍ਹ ਨਿਸਚਾ ਸੀ।

"ਤਾਂ ਫੇਰ ਕੀ ਬਣੇਂਗਾ ? ਵੱਡਾ ਸਾਬ੍ਹ ਬਣੂੰਗਾ ?" ਸੁਲਤਾਨ ਨੇ ਵਿਅੰਗ ਨਾਲ ਪੁੱਛਿਆ।

"ਨਹੀਂ, ਮੈਂ ਵੱਡਾ ਸਾਬ੍ਹ ਵੀ ਨਹੀਂ ਬਣੂੰਗਾ।" ਇਸ ਵਾਰ ਭਗਤੂ ਦੀ ਅਵਾਜ਼ ਵਿਚ ਦ੍ਰਿੜ੍ਹ ਨਿਸਚੇ ਤੋਂ ਇਲਾਵਾ, ਨਫਰਤ ਵੀ ਮਿਲੀ ਹੋਈ ਸੀ, ਜਿਸ ਨੂੰ ਸਿਰਫ ਅੰਦਰ ਬੈਠਾ ਮੰਗਤ ਰਾਮ ਹੀ ਸਮਝ ਸਕਿਆ।

"ਤਦ ਤੂੰ ਕੀ ਬਣੇਂਗਾ ?" ਸੁਲਤਾਨ ਤੇ ਦੇਵਾਂ ਦੱਤ ਨੇ ਇਕੱਠਿਆਂ ਹੀ ਹੈਰਾਨੀ ਨਾਲ ਪੁੱਛਿਆ।

ਭਗਤੂ ਨੂੰ ਲੱਗ ਰਿਹਾ ਸੀ ਕਿ ਉਹ ਜੋ ਕਹਿਣਾ ਚਾਹੁੰਦਾ ਹੈ, ਉਸ ਨੂੰ ਇਹ ਲੋਕ ਸਮਝ ਨਹੀਂ ਸਕਣਗੇ। ਉਸ ਦੀਆਂ ਅੱਖਾਂ ਅੱਗੇ ਚੌਹਾਨ ਦਾ ਚਿਹਰਾ ਘੁੰਮ ਰਿਹਾ ਸੀ। ਵਿਕੱਲਪੋ-ਹੀਣ।

o

---

# ਕੁਰਖ਼ਤ ਸ਼ਬਦਾਂ ਦੀ ਯੂਨੀਅਨ

o

ਸਿੰਦੋ ਭੱਠਲ

ਸਰਕਾਰੇ !
ਏਸ ਵਿਚ ਮੇਰਾ ਭੋਰਾ ਕਸੂਰ ਨਹੀਂ
ਮੈਂ ਤਾਂ ਜੀ !
ਬਚਪਨੇ 'ਚ
ਪੈਰਾਂ ਤੇ ਮਿੱਟੀ ਦਾ ਘਰ ਬਣਾਉਂਦਾ ਰਿਹਾ
ਜਵਾਨੀ 'ਚ
ਸੁਪਨਿਆਂ ਦੇ ਮਹਿਲ ਉਸਰਦਾ ਰਿਹਾ
ਤੇ ਫੇਰ ਆਪਣੇ ਹੀ ਪਿੰਡ ਸਰਪੰਚ ਦੇ ਸੀਰ ਕਰਦਾ ਰਿਹਾ
ਸੀਰ ਕਾਹਦਾ ਮਾਈ-ਬਾਪ !
ਹਾਦਸੇ ਖਾਂਦਾ ਤੇ ਗਾਲਾਂ ਪੀਂਦਾ ਰਿਹਾ।
ਬਹੁਤ ਵਾਰ ਲੇਖਾ-ਜੋਖਾ ਕੀਤਾ
ਸੁਪਨਿਆਂ ਦੇ ਮਹਿਲਾਂ ਦੀ ਰੇਤ
ਅੱਖਾਂ 'ਚ ਘਰ ਵਸਾਉਂਦੀ ਰਹੀ
ਤੇ ਮੈਨੂੰ ਲਗਦਾ ਸੀ—
ਮੈਂ ਸਮੁੱਚਾ 'ਡਰਨਾ' ਜਿਹਾ ਧਰਤੀ 'ਚ ਗੱਡਿਆਂ ਗਿਆ ਹਾਂ
—ਜਿਸ ਦੀ ਜੂਨੇ—
ਸਿਰਫ ਤਪਦਾ ਹਾੜ
ਠਰਦਾ ਸਿਆਲ
ਤੇ ਬੌਲੀਆਂ ਹਨੇਰੀਆਂ ਤੋਂ ਸਿਵਾ ਕੁੱਝ ਨਹੀਂ ਹੁੰਦਾ।
ਮਾਈ ਬਾਪ !
ਮੈਂ ਸਭ ਕੁੱਝ ਵੇਖਦਾ ਸਾਂ
ਪਰ ਮੇਰਾ ਕੰਮ ਤਾਂ ਸਿਰਫ
ਕਾਂ, ਤੋਤੇ ਤੇ ਕਬੂਤਰ ਉਡਾਉਣਾ ਸੀ
ਤੇ ਫੇਰ ਸ੍ਹਾਬ !
ਮੈਨੂੰ ਲੱਗਿਆ ਜਿਵੇਂ ਮੇਰੇ ਅੰਦਰ
ਉਬਾਲ ਉੱਠਦਾ ਹੈ
ਧੁਰ ਅੰਦਰ ਨਿਰਾ ਰੌਲਾ ਜਿਹਾ
ਜਾਣੀ ਰੋਹ ਭਰੇ, ਖਿਝੇ ਸ਼ਬਦਾਂ ਦੀ
ਕੋਈ ਯੂਨੀਅਨ ਹੋਵੇ।

ਮੈਂ ਸੱਚ ਦੱਸਦਾ ਹਾਂ ਬੱਚਿਆਂ ਆਲਿਓ
ਇਹ ਰੌਲਾ ਵਧਦਾ ਰਿਹਾ ! ਵਧਦਾ ਰਿਹਾ !!
ਤੇ ਫੇਰ ਕਾਰਾ ਹੋ ਗਿਆ—
ਹਾਦਸੇ ਹਜ਼ਮ ਹੋਣੋਂ ਹਟ ਗਏ
ਅੱਖਾਂ 'ਚ ਰੇਤ ਰੜਕਣ ਲੱਗ ਪਈ
ਚਿਰਾਂ ਤੋਂ ਜ਼ੰਗਾਲੀ ਜ਼ਬਾਨ ਕੁਤਰ ਕੁਤਰ ਚੱਲਣ ਲੱਗੀ।
ਕੰਨਾਂ ਨੇ ਗਲਤ ਸੁਨਣੋਂ ਕੋਰਾ ਜੁਆਬ ਦੇ ਦਿੱਤਾ।
ਮੈਥੋਂ ਹੁਣ ਤੋਤੇ, ਕਾਂ ਤੇ ਕਬੂਤਰ ਹੀ ਨਹੀਂ
ਸਮੁੱਚਾ ਪਿੰਡ ਡਰਦਾਂ ਹੈ
ਤੁਹਾਡੇ ਕਟਹਿਰੇ ਦੇ ਸਫ਼ਰ ਤਕ
ਮੈਂ ਸਾਬਤ ਸਬੂਤਾ ਆਦਮੀ ਹਾਂ
ਸਰਕਾਰੇ ! ਮੈਂ ਫਿਰ ਕਹਿੰਦਾ—
ਮੈਂ ਭੋਰਾ ਗਲਤੀ ਨਹੀਂ ਕੀਤੀ
ਇਹ ਤਾਂ ਕੁਰਖ਼ਤ ਸ਼ਬਦਾਂ ਦੀ ਯੂਨੀਅਨ ਦਾ ਕਾਰਾ ਹੈ।

o

## ਮਨਕੂਲਾ ਹੱਕ

o

ਸੁਰਜੀਤ ਬਰਾੜ

ਮਾਇਆ ਨੇ ਜੁੱਗ ਗਰਦੀ ਦਾ ਰਾਹ ਰੋਕਦਿਆਂ ਕਿਹਾ
ਇਹ ਸੜਕ ਆਮ ਨਹੀਂ ਹੈ
ਏਧਰ ਜਾਣਾ ਸਖ਼ਤ ਮਨ੍ਹਾ ਹੈ
ਜੋ ਇਸ ਸੜਕ ਜਾਂਦਾ ਹੈ
ਉਹ ਹੱਥੀਂ ਹੱਥ-ਕੜੀਆਂ ਤੇ ਪੈਰੀਂ ਬੇੜੀਆਂ ਪੁਆਂਦਾ ਹੈ
ਅੰਗ ਅੰਗ ਨੁਚਵਾਂਦਾ ਹੈ ।
ਬੜੇ ਦ੍ਰਿੜ੍ਹ ਇਰਾਦੇ ਨਾਲ : ਉੱਚੇ ਅਕੀਦੇ ਨਾਲ
ਮੋੜਮੇਂ ਜਵਾਬ ਵਿਚ ਜੁੱਗ ਗਰਦੀ ਨੇ ਕਿਹਾ
ਇਹ ਸੜਕ ਮੇਰੀ ਹੈ
ਕਿਸੇ ਦੇ ਪਿਉ ਦਾ ਇਸ ਤੇ ਕੀ ਲੱਗਿਆ
ਇਸ ਸੜਕ ਦੇ ਕੋਲਤਾਰ ਵਿਚ
ਮੇਰੇ ਪਿਤਰਾਂ ਦਾ ਲਹੂ ਘੁਲਿਆ ਹੈ
ਸ਼ਕਤੀ ਲੱਗੀ ਹੈ : ਪਸੀਨਾ ਡੁਲ੍ਹਿਆ ਹੈ
ਇਸ ਸੜਕ ਤੇ ਤੁਰਨਾ ਮੇਰਾ ਮਨਕੂਲਾ ਹੱਕ ਹੈ
ਮੈਨੂੰ ਤੇਰੇ ਮੂਸਲਾਂ ਦਾ ਡਰ ਨਹੀਂ । ਬੇਸ਼ੱਕ ਵਰ੍ਹਾ ਦੇਹ ।
ਜ਼ਰਦਾਰਾਂ ਦੀਏ ਰਖੇਲੇ !
ਤੂੰ ਸਾਡੇ ਉੱਚ ਉਤਾਸਰ ਵਿਰਸੇ ਤੋਂ ਅਣਭੋਲ ਜਾਪਦੀ ਏਂ
ਤਾਂ ਹੀ ਖ਼ੁਦ ਨੂੰ ਪੂਜਦੀ ਏਂ
ਆਪਣੇ ਆਪ ਨੂੰ 'ਚਿਰਣਾਮਤ' ਆਖਦੀ ਏਂ ।
ਐਪਰ ਸਾਡਾ ਵਿਰਸਾ ਜੋ ਦੇਗਾਂ 'ਚ ਉਬਲਿਆ
ਆਰਿਆਂ ਤੇ ਨੱਚਿਆ : ਕੱਚ ਕਿਰਚਾਂ ਤੇ ਤੁਰਿਆ
ਮੈਂ ਸਾਲਮ ਉਸੇ ਦੀ ਕ੍ਰਿਤ ਹਾਂ
ਮੈਂ ਪੋਟਾ ਪੋਟਾ ਲਾਲ ਹਾਂ : ਮੁਫਲਿਸਾਂ ਦੀ ਜਲਾਲ ਹਾਂ
ਮੈਂ ਮਾਰਕਸ-ਲੈਨਿਨ-ਮਾਉ-ਜਾਈ ਹਾਂ
ਦੇਖ ! ਆ ਰਿਹਾ ਹੈ ਨਦਾਰਾਂ ਦਾ 'ਸੁਰਖ਼ ਕਾਫਲਾ'
ਉਹ ਏਸੇ ਹੀ ਰਾਹ ਦਾ ਧਾਰਨੀ ਹੈ
ਉਹ ਤੇਰੀ ਜੜ੍ਹ ਪੁੱਟੇਗਾ
ਫਿਰ ਧਰਤੀ ਦੀ ਹਿੱਕ 'ਚ ਨਵਾਂ ਪੌਦਾ ਬੀਜੇਗਾ
ਤੇ ਬੱਦਲਾਂ ਵਾਂਗੂੰ ਵਰ੍ਹੇਗਾ
ਸਮਾਜ ਹਰਾ ਭਰਾ ਕਰੇਗਾ ।
ਤੂੰ ਕਿਸ ਕਿਸ ਨੂੰ ਠੱਲ੍ਹੇਂਗੀ
ਕਿਸ ਕਿਸ ਦਾ ਰਾਹ ਮੱਲੇਂਗੀ ? '
ਅਸੀਂ ਏਸੇ ਸੜਕ ਤੇ ਜਾਣਾ ਹੈ
ਨਾ ਵਾਪਸ ਕਦੇ ਪਰਤਾਂਗੇ
ਅਸੀਂ ਤੈਨੂੰ ਦੇਖਾਂਗੇ : ਤੇਰੀ ਤਾਕਤ ਪਰਖਾਂਗੇ
ਇਹ ਸੜਕ ਸਰਾਸਰ ਸਾਡੀ ਹੈ
ਇਸ ਤੇ ਤੁਰਨਾ ਸਾਡਾ ਮਨਕੂਲਾ ਹੱਕ ਹੈ ।

o

## ਬੇਸਿਰਾ ਤਰਕ

o

ਜਸਵਿੰਦਰ ਗਿੱਲ

ਦੋਸਤੋ, ਸਾਥੀਓ
ਕਿਸਾਨੋ, ਮਜ਼ਦੂਰੋ
ਸਾਡੀ ਕੇਂਦਰੀ ਕਮੇਟੀ
ਹੁਣ ਕਿਸਾਨਾਂ ਮਜ਼ਦੂਰਾਂ ਦੀ ਨਹੀਂ ਰਹੀ ।
ਸਗੋਂ ਖ਼ੁਦਪ੍ਰਸਤ ਨਿਕਬੁਰਜੁਆ ਹੈ ।
ਨਿਕ ਬੁਰਜੂਆ ਦੇ ਅਰਥ
ਛੋਟੇ ਅਮੀਰ ਹੁੰਦੇ ਹਨ ।
ਇਹ ਗੱਲ ਅਸੀਂ ਸੱਚੀਓ "ਨਿਤਾਰ" ਲਈ ਹੈ ।
ਲੋਕਾਂ ਨੇ ਜਦ ਸਾਨੂੰ ਇਸ "ਨਿਰਣੇ" ਤੇ,
ਤੋਹਮਤਬਾਜ਼ੀ – ਚਿਕੜ ਉਛਾਲੀ ਆਖਿਆ
ਤਾਂ ਅਸੀਂ ਕਿੱਲ ਕਿੱਲ ਕੇ,
ਇਕ "ਵਿਰੋਧਤਾਈ" ਲੱਭੀ ਹੈ ।
ਕਹਿੰਦੇ ਲੋੜ ਕਾਢ ਦੀ ਮਾਂ ਹੁੰਦੀ,
ਇਵੇਂ ਹੀ ਸਾਡੇ ਨਾਲ ਵਾਪਰੀ ।
ਤੇ ਅਸੀਂ ਕੇਂਦਰੀ ਕਾਨਫਰੰਸ ਵਿੱਚੋਂ
ਬਾਹਰ ਆ ਕੇ,
ਨਿਕਬੁਰਜੁਆ ਗੰਦ ਨੂੰ,
ਪ੍ਰੈਸ ਰਾਹੀਂ ਵਗਾਹ ਮਾਰਿਆ ਹੈ ।
ਤੇ ਮੁੜ "ਖਰੀ ਇਨਕਲਾਬੀ" ਜਥੇਬੰਦੀ,
ਉਸਾਰਨ ਦੀ ਪਹਾੜ ਜਿੱਡੀ "ਚੁਨੌਤੀ" ਕਬੂਲ ਕੀਤੀ ਹੈ ।
"ਖ਼ੁਦਪ੍ਰਸਤਾਂ, ਸਰਦਾਰਾਂ",
ਸਾਨੂੰ ਬਾਰਾਂ ਸਾਲੀ ਇਨਾਮੀਆਂ ਨੂੰ ਗੁੱਠੇ ਹੀ ਲਾਈ ਰੱਖਿਆ ।
ਮੁੱਖ ਵਿਰੋਧਤਾਈ ਕੀ ਹੈ;
ਇਨਕਲਾਬ ਜਾਂ ਜੰਗ ਵਿੱਚ,
ਦੱਬੀਆਂ ਕੁਚਲੀਆਂ ਕੌਮਾਂ ਵਿੱਚ, ਸਾਮਰਾਜ ਵਿੱਚ
ਜਾਂ ਵਧ ਰਹੇ ਅਮੋੜ ਜੰਗੀ ਖਤਰੇ ਵਿੱਚ ।
ਪਰ ਅਸੀਂ ਮੁੱਖ ਵਿਰੋਧਤਾਈ,
ਇਨਕਲਾਬ ਤੇ ਜੰਗ ਵਿੱਚ ਲੱਭੀ ਹੈ ?
ਜੋ ਦੋ ਦਰਜਨ ਅੰਤਰਰਾਸ਼ਟਰੀ,
ਇਨਕਲਾਬੀ ਪਾਰਟੀਆਂ ਦਾ ਪਹਿਲੋਂ ਹੀ ਫਤਵਾ ਹੈ ?
ਬੱਸ ਹੁਣ ਜੰਗ ਛਿੜੀ ?
ਅਸੀਂ ਸੱਚੀਉਂ ਇਨਕਲਾਬੀ ਘੋਲ ਨੂੰ,
ਤਿੱਖੀ ਪਾਣ ਚਾੜ੍ਹ ਲੁਟੇਰਿਆਂ ਨੂੰ ਉਲਟਾ ਮਾਰਨਾ ਹੈ ।
ਤੇ ਸਰਮਾਏਦਾਰੀ ਦੀ ਮੁੜ ਬਹਾਲੀ ਦਾ ਵੱਡਾ ਖਤਰਾ,
ਜਿਸ ਤੋਂ ਸਟਾਲਿਨ ਤੇ ਮਾਓ ਵੀ ਨਾ ਬਚ ਸਕੇ ।
ਅਸੀਂ ਸੱਚੀਉਂ ਖਤਮ ਕਰ ਦੇਣਾ ਹੈ ?
ਅਸੀਂ ਕੋਈ ਵੀ ਅਮਲ ਖਾੜਕੂ ਵਿਰਸੇ ਤੋਂ ਕਰਦੇ ਹਾਂ ।

ਅਤੇ ਖੋਟ ਰਲਣ ਤੋਂ ਕੋਹਾਂ ਦੂਰ ਭਜਦੇ ਹਾਂ।
ਫਾਸ਼ਿਜ਼ਮ ਵਿਰੋਧੀ ਮੋਰਚਾ,
ਦਮਿੱਤ੍ਰੋਵ, ਲੈਨਿਨ ਤੇ ਮਾਓ ਦਾ,
ਸੋਧਵਾਦੀ ਰੋਣਾ ਹੀ ਸੀ।
ਅਸੀਂ ਤੱਤੇ ਇਨਕਲਾਬੀ
ਸੋਧਵਾਦ ਨੂੰ ਭਾਜੜਾਂ ਪਾ ਦਿਆਂਗੇ
ਮੈਦਾਨੇ-ਏ-ਜੰਗ ਸਿਰ ਕਟਾ ਦਿਆਂਗੇ।

o

ਦੋ ਹਿੰਦੀ ਕਵਿਤਾਵਾਂ

## ਰਾਜ ਕੁਮਾਰ ਸੈਨੀ

o

## ਚੌਂਕੀਦਾਰ ਬਿਸ਼ਨ ਸਿੰਘ

ਉਸ ਰਾਤ
ਦੇਰ ਵੇਲੇ
ਘਰ ਨੂੰ ਪਰਤ ਰਿਹਾ ਸਾਂ
ਰਾਹ ਵਿਚ ਮਿਲ ਗਿਆ ਬਿਸ਼ਨ ਸਿੰਘ

'ਬਿਸ਼ਨ ਸਿੰਘ!
ਰਾਗਨੀ ਗਾਂਦਾ ਏਂ ਸਾਰੀ ਰਾਤ
ਸੌਣ ਵੀ ਨਹੀਂ ਦੇਂਦਾ ਯਾਰ
ਪਰ ਬਹੁਤ ਸੋਜ਼ ਹੈ
ਅਸਰ ਅਤੇ ਦਰਦ ਹੈ
ਤੇਰੀ ਆਵਾਜ਼ ਵਿਚ!'

ਕੀ ਕਰਾਂ ਭਰਾ
ਸਿਆਲ ਦੀਆਂ ਰਾਤਾਂ ਨੂੰ
ਆਪਣੀ ਆਵਾਜ਼ ਦਾ, ਨਿੱਘ ਲੈ ਕੇ
ਰਾਤ ਭਰ
ਮੋਰ ਜਿਹਾ ਨੱਚਦਾ ਹਾਂ
ਜਦ ਜਦ ਵੇਖਦਾ ਹਾਂ ਪੈਰ
ਰੋ ਪੈਂਦਾ ਹਾਂ।

o

## ਕਦੇ ਨ ਫੇਰ ਮੈਂ ਵੇਖਿਆ ਜੀ ਭਰ ਕੇ ਜਮਨਾ ਨੂੰ

ਛੁੱਟ ਗਏ ਉਹ ਸਾਥ
ਕਿ ਜਿਨ੍ਹਾਂ ਲਈ ਜੀਵਿਆ ਸੀ
ਡੁੱਬ ਗਿਆ ਉਹ ਹਾਸਾ
ਜੂਹੀ ਵਾਂਗ ਖਿੜਿਆ ਸੀ
ਹੋਏ ਦੁੱਧੀਆ ਬਾਲ ਘਣੇ ਹਨ੍ਹੇਰੇ ਜਿਹੇ
ਚਿਹਰਾ ਬੁਝਿਆ ਹੋਇਆ ਹੈ
ਜਿਸ ਉੱਤੇ
ਛਲਕ ਪਿਆ ਸੀ ਨੂਰ
ਉਜਾਲਾ ਜਿਵੇਂ ਪਾਣੀ ਉੱਤੇ
ਕੱਚੀ ਹੀ ਉਮਰ
ਇਹੋ ਸੋਲ੍ਹਾਂ ਸਤਾਰਾਂ ਦੀ
ਉਦੋਂ ਤੋਂ ਹੀ ਸਿਲਸਿਲਾ ਅਚਾਣਕ ਸ਼ੁਰੂ ਹੋਇਆ ਸੀ
ਦਫ਼ਤਰ ਦੇ ਕੋਹਲੂ 'ਚ ਮੈਨੂੰ
ਪਿਤਾ ਤੁਹਾਡੇ 'ਨਾ ਹੋਣ' ਨੇ ਜੋਤ ਦਿਤਾ ਸੀ
ਕਿੰਨੀਆਂ ਸਵੇਰਾਂ-ਸ਼ਾਮਾਂ ਆਈਆਂ ਉਤਰੀਆਂ ਪਹਾੜ ਤੋਂ
ਪਰਤ ਗਈਆਂ ਸਾਗਰ ਦੇ ਰਸਤੇ
ਢਲਦੀ ਹੋਈ ਉਮਰ ਨੂੰ ਛੁਹੇ ਬਗ਼ੈਰ ਹੀ ਉਦੋਂ ਤੋਂ
ਕਦੇ ਨਾ ਮਿਲਿਆ ਮੌਕਾ ਪਹਾੜੀ ਤੇ ਚੜ੍ਹਨ ਦਾ
ਕਦੇ ਨਾ ਫੇਰ ਮੈਂ ਵੇਖਿਆ ਜੀ ਭਰ ਕੇ ਜਮਨਾ ਨੂੰ।

[ਅਨੁ. ਫੂਲ ਚੰਦ ਮਾਨਵ

o

**ਕੁਝ ਸਕੈਚ**

## ਬਾਬਾ ਤੇਜਾ

o

ਸੁਖਵੰਤ ਕੌਰ ਮਾਨ

ਕੁੱਕੜ ਦੀ ਬਾਂਗੇ ਉਹ ਉੱਠਦਾ ਤੇ ਹਲ ਲੈ ਜਾਂਦਾ
ਨਿਆਈਂ ਦੀ ਪੈਲੀ 'ਚ ਹਲ ਵਾਹੁੰਦਾ,
ਉਹ ਗੁਰੂ ਦੇ ਸ਼ਬਦ ਗਾਉਂਦਾ
ਫਿਰ ਗਾਉਂਦਾ ਗਾਉਂਦਾ ਚਾਣਚੱਕ ਉਹ ਅਟਕ ਜਾਂਦਾ
ਇਕ ਡੂੰਘੀ ਹੂਕ ਭਰਿਆ ਉਹ ਕੋਈ ਢੋਲਾ ਲਾਉਂਦਾ
ਇਕ ਅਜੀਬ ਜਿਹਾ ਗ਼ਮ ਸੀ ਉਹਦੇ ਗਾਉਣ 'ਚ!
ਚੀਰ ਕੇ ਛਾਤੀ ਜੋ ਬਾਹਰ ਨਿਕਲਦਾ...
ਝਾੜੀਆਂ 'ਚ ਚੂਹਕਦੀ ਚਿੜੀ ਵੀ ਇਕਦਮ ਮੋਨ ਹੋ ਜਾਂਦੀ
ਬਾਹਰ ਹੋਣ ਗਈਆਂ ਤੀਵੀਆਂ ਵੀ
ਆਪਣੀ ਗਿਰਬਲ੍ਹ ਗਿਰਬਲ੍ਹ
ਬੰਦ ਕਰ ਨਿਰੇ ਕੰਨ ਹੋ ਜਾਂਦੀਆਂ...।
'ਬਾਬਾ ਏ!' ਉਹ ਹੌਲੀ ਦੇਣੀ ਘੁਸਰ ਫੁਸਰ ਕਰਦੀਆਂ।
'ਵਿਚਾਰਾ!' ਭਰ ਜਾਂਦੀਆਂ ਇਕ ਦੋ ਤਾਂ ਡੂੰਘਾ ਹੋਕਾ ਵੀ,
ਤੇ ਬਾਬਾ ਤੇਜਾ ਓਦੋਂ ਤਾਈਂ ਢੋਲੇ ਲਾਉਂਦਾ ਰਹਿੰਦਾ
ਜਦੋਂ ਤਾਈਂ ਉਹ ਆਪ ਵੀ
ਤੇ ਉਹਦੇ ਬੌਲਦ ਵੀ ਨਾ ਥੱਕ ਜਾਂਦੇ,
'ਇਹ ਤਾਂ ਰੋਂਦਾ ਏ ਵਿਚਾਰਾ!'

ਨਾਲ ਕੀ ਬੰਬੀ, ਤੇ ਪਿਆ ਕੋਈ ਬੁੱਢਾਂ ਸੋਚ ਜਾਂਦਾ,
ਆਂਹਦੇ ਨੇ ਇਹਨੇ ਤਾਂ ਕਾਲੇ-ਪਾਣੀਆਂ ਦਾ
ਪਾਣੀ ਵੀ ਪੀਤਾ ਏ
ਗਭਰੂ ਤੇਜਾ ਸੁਣਿਆਂ ਏ ਗੋਰਿਆਂ ਨੂੰ
ਵੇਖ ਨਹੀਂ ਸੀ ਸੁਖਾਂਦਾ,
ਲਚਕਰ ਦੇ ਕੇ ਲੁਕਾਈ ਕੱਠੀ ਕਰ ਲੈਂਦਾ,
ਪਤਾ ਨਹੀਂ ਉਹ ਕਿਹੜੀ ਮਿੱਟੀ ਦਾ
ਬਣਿਆ ਹੋਇਆ ਸੀ ?
ਪਰਵਾਹ ਨਹੀਂ ਸੀ ਉਹਨੂੰ ਤਾਂ ਟੁੰਡੇ-ਲਾਟ ਦੀ ਵੀ,
ਨਾ ਸੀ ਪ੍ਰਵਾਹ ਉਹਨੂੰ ਪਿੰਡ ਦੇ ਜ਼ੈਲਦਾਰ ਦੀ,
ਜਿਹੜਾ ਮੁਖ਼ਬਰ ਸੀ ਗ਼ਦਰੀਆਂ ਦਾ।
ਉਹ ਤਾਂ ਬੱਕਰੀਆਂ ਚਰਾਉਣ ਦੇ ਬਹਾਨੇ ਪਿੰਡ ਪਿੰਡ
ਖੂਹ ਖੂਹ ਫਿਰ ਆਉਂਦਾ
ਦੁ-ਵਰਕੇ ਚੁ-ਵਰਕੇ ਵੰਡਦਾ ਉਹ ਆਪਣੀਆਂ ਬੱਕਰੀਆਂ
ਵੀ ਗੁਆ ਆਉਂਦਾ......
ਸੁਣਿਐਂ, ਰਾਤ-ਬਰਾਤੇ ਉਹਦੇ ਕੋਲ
ਹੋਰ ਲੋਕ ਵੀ ਆਉਂਦੇ
ਪਿੰਡ ਦਾ ਮੁਖ਼ਬਰ ਮੋਤਾ ਤਾਂ ਉਹਨੂੰ
ਡਾਕੂ ਆਖਦਾ।
ਫਿਰ ਇਕ ਦਿਨ !
ਮੋਤੇ ਮੁਖ਼ਬਰ ਦੀ ਲਾਸ਼ ਪਿੰਡ ਦੀ ਪੁਰਾਣੀ ਢਾਬ 'ਚ
ਤਰ ਰਹੀ ਸੀ।
ਕਹਿੰਦੇ ਨੇ ਅੰਗਰੇਜ਼ ਕਮਿਸ਼ਨਰ ਆਪ
ਘੋੜਾ ਦੁੜਾਂਦਾ ਆਇਆ ਸੀ।
ਕਹਿੰਦੇ ਨੇ ਉਹਦਾ ਘੋੜਾ ਵੀ ਝੱਗੋ-ਝੱਗ ਸੀ
ਤੇ ਉਹ ਆਪ ਵੀ,
'ਨਹੀਂ ਡਰਦੇ ਓਏ ਸ਼ੇਰ ਜੰਗਲਾਂ ਦੇ।'
ਇੰਞ ਕਹਿੰਦਿਆਂ ਬਾਬੇ ਨੇ ਲਲਕਾਰਾ ਮਾਰਿਆ ਸੀ,
ਕਹਿੰਦੇ ਨੇ ਕਮਿਸ਼ਨਰ ਨੇ ਜਿਉਂ ਘੋੜੇ ਨੂੰ ਅੱਡੀ ਲਾਈ ਸੀ,
ਸਿੱਧਾ ਲਾਹੌਰ ਜਾ ਕੇ ਹੀ ਦਮ ਲਿਆ ਸੀ ਕਮੀਨੇ ਨੇ,
ਲਾਹੌਰ ਤੋਂ ਫਿਰ ਫ਼ੌਜੀ ਟੁਕੜੀ ਆਈ ਸੀ
ਉਸ ਦਿਨ ਪਿੰਡ 'ਚ ਨਾਂ ਕਿਸੇ ਰਿੱਧਾ ਸੀ ਤੇ ਨਾਂ ਪੱਕਾ ਸੀ
ਗਲੀਆਂ ਭੀੜੀਆਂ 'ਚ ਫੌਜ ਹਰਲ ਹਰਲ
ਕਰਦੀ ਫਿਰ ਰਹੀ ਸੀ
ਫਿਰ ਗੱਭਰੂ ਤੇਜੇ ਨੇ ਇਕ ਜ਼ੋਰਦਾਰ ਲਲਕਾਰਾ ਜੁ ਮਾਰਿਆ
ਜਾ ਖਲੋਤਾ ਸੀ ਉਹ ਵਿਚ ਸੱਥ ਦੇ ਹਿੱਕ ਕੱਢਕੇ
ਪੂਰੀ ਟੁਕੜੀ ਸੀ ਤੇ ਬਾਬਾ ਤੇਜਾ ਸੀ !
ਕਹਿੰਦੇ ਨੇ ਜਦੋਂ ਫੌਜੀ ਟਰੱਕ ਤੁਰਿਆ
ਤਾਂ ਪਿੰਡ ਦੇ ਸਾਰੇ ਕੁੱਤੇ ਉਹਦੇ ਮਗਰ ਦੌੜੇ ਸਨ
ਪਿਛੋਂ ਭੋਏਂ ਦੇ ਮਰਲੇ, ਅੰਗਰੇਜ਼ ਨੇ ਜ਼ਬਤ ਕਰ ਲਏ
ਭੁੱਖ ਤੇ ਬਿਮਾਰੀ ਨੇ ਤੀਵੀਂ ਤੇ ਮੁੰਡਾ ਖਾ ਲਏ
ਹੁਣ ਢੱਠਾ ਕੋਠਾ ਸੀ ਤੇ ਲੁੱਗਾ ਵਿਹੜਾ ਸੀ
ਸਿਰਫ਼ ਕਦੇ ਕਦਾਈਂ ਬੇਬੇ ਕਾਲ੍ਹਮੋ ਦੀ ਰੂਹ
ਲੁੱਗੇ ਵਿਹੜੇ 'ਚ ਫਿਰਦੀ ਦਿੱਸ ਜਾਂਦੀ
ਫਿਰ ਹੋਲੀਆਂ ਤੋਂ ਰਤਾ ਕੁ ਪਹਿਲਾਂ
ਇਕ ਦਿਨ ਅਡੋਲ ਈ
ਬਾਬਾ ਤੇਜਾ ਪਿੰਡ ਦੀ ਫਿਰਨੀ ਉਲੰਘ ਆਇਆ ਸੀ
ਸੁਣਿਐ ਪਿੰਡ ਦੇ ਲੋਕਾਂ ਓਦਨ ਘਿਓ ਦੇ
ਦੀਵੇ ਬਾਲੇ ਸਨ।
ਪਰ ਮੋਤੇ ਦੇ ਮੁੰਡਿਆਂ ਨੂੰ ਤਾਂ ਸੁੰਘ ਗਿਆ ਸੀ
ਜਿਵੇਂ ਕੋਈ ਨਾਗ ਕਾਲਾ।
ਪਰ ਉਹਨੂੰ ਤਾਂ ਕਾਲੇ ਪਾਣੀਆਂ ਦੀ
ਕੈਦ ਵੀ ਨਹੀਂ ਸੀ ਬਦਲ ਸੱਕੀ
ਕਹਿੰਦੇ ਨੇ ਹੱਲਿਆਂ ਵੇਲੇ
ਬਾਬੇ ਦੀਆਂ ਅੱਖੀਆਂ 'ਚੋਂ,
ਅੱਥਰੂਆਂ ਦੀ ਥਾਂ ਲਹੂ ਚੋਇਆ ਸੀ।
ਫਿਰ ਬਾਬਾ ਸੀ ਤੇ ਉਹਦਾ ਲੁੱਗਾ ਵਿਹੜਾ
ਨਾਂ ਭੋਏਂ ਸੀ ਤੇ ਨਾਂ ਭਾਂਡਾ
ਕਦੀ ਕਿਸੇ ਦੀ ਭੋਏਂ ਹਿੱਸੇ ਤੇ ਲੈਂਦਾ ਤੇ ਕਦੀ ਕਿਸੇ ਦੀ,
ਹਲ ਵਾਹੁੰਦਾ ਤੇ ਕਬਿੱਤ ਜੋੜਦਾ,
ਹੇਕ ਉੱਚੀ ਤੇ ਲਰਜ਼ਵੀਂ 'ਚ
ਢੋਲੇ ਵੀ ਗਾਉਂਦਾ ਦੇਸ਼ ਭਗਤੀ ਦੇ,
ਹੁਣ ਕੁਝ ਦੇਰ ਤੋਂ ਉਹ ਬਹੁਤ ਗੁੰਮ ਸੁੰਮ,
ਰਹਿਣ ਲੱਗ ਪਿਆ ਸੀ।
ਤੇ ਫਿਰ ਜਿਵੇਂ ਚਾਣ-ਚੱਕ ਉਹਦੀ ਗਰਜਵੀਂ ਅਵਾਜ਼ ਵੀ
ਚੁੱਪ ਹੋ ਕੇ ਰਹਿ ਗਈ ਸੀ।
'ਦੱਸਣਾ ਨਾਂ, ਕਿਸੇ ਨੂੰ !'
ਸੁਣਿਐਂ ਉਹਨੇ ਫ਼ੇਰ ਬੱਕਰੀਆਂ ਬਣਾ ਲਈਆਂ ਨੇ ਬੁੱਢੇ ਵਾਰੇ
ਪਹਿਲਾਂ ਤਾਂ ਲੋਕ ਹੱਸਦੇ ਰਹੇ ਫਿਰ ਚੁੱਪ ਹੋ ਗਏ
ਤੇ ਹੁਣ ਹੌਲੇ ਹੌਲੇ ਝਾਕਦੇ ਨੇ ਉਹਦੇ ਵੱਲ...
ਮੋਤੇ ਦੇ ਮੁੰਡਿਆਂ ਇਕ ਹੋਰ ਸ਼ੋਸ਼ਾ ਛੱਡਿਆ ਏ,
ਕਿ ਤੇਜਾ ਬੁੱਢਾ ਵਿਚ ਹਿਰਨਾਂ ਦੇ ਸਿੰਗੀਂ ਚੜ੍ਹਿਆ ਫਿਰਦੈ
ਲੋਕ ਚੁੱਪ-ਚਾਪ ਸੁਣਦੇ ਨੇ ਤੇ ਆਪਣੀਂ ਘਰੀਂ
ਪਰਤ ਜਾਂਦੇ ਨੇ
ਸੁਣਿਐਂ ਬਾਬੇ ਤੇਜੇ ਦੀਆਂ ਬੱਕਰੀਆਂ
ਫੇਰ ਗੁਆਚਣ ਲੱਗ ਪਈਆਂ ਨੇ,
ਮੱਸਿਆ ਦੀਆਂ ਕਾਲੀਆਂ ਰਾਤਾਂ ਹੁੰਦੀਆਂ ਨੇ ਜਦੋਂ,
ਆਪਣੇ ਕੋਠੇ ਤੇ ਮੰਜੀ ਡਾਹੀ,
ਉਹ ਚਾਣ-ਚੱਕ ਦੇਸ਼ ਭਗਤੀ ਦੇ ਢੋਲੇ ਗਾਉਣ ਲੱਗਦੈ
ਆਂਹਦੇ ਨੇ ਪਿੰਡ ਦੇ ਕੁੱਤੇ ਵੀ ਭੌਂਕਣਾ ਬੰਦ ਕਰ ਦੇਂਦੇ ਨੇ,
ਫਿਰ ਮੋਤੇ ਦੇ ਮੁੰਡੇ ਆਪਣੀ ਕੁਨਾਲੀ ਚੋਂ,
ਹਵਾ 'ਚ ਫ਼ਾਇਰ ਕਰਦੇ ਨੇ
ਢੋਲੇ ਫਿਰ ਵੀ ਗੂੰਜਦੇ ਰਹਿੰਦੇ ਨੇ.
ਭਾਵੇਂ ਬਾਰੂਦ ਦੀ ਬੂ ਵੀ ਹਵਾ 'ਚ
ਤੈਰ ਰਹੀ ਹੁੰਦੀ ਏ।

## *ਕਣਕਾਂ ਛਲੇਡੀਆਂ*

ਚੜ੍ਹਿਆ ਕੱਤੇਂ, ਕਰੇ ਮਾਰੋਂ ਮਾਰ ਜੱਟ, ਉੱਠੇ ਸਾਝਰੇ ਈ,
ਲਈ ਜਾਵੇ ਹਲ ਖੇਤ ਨੂੰ,
ਭੁੱਲੀ ਹੇਕ ਮਿਰਜ਼ੇ ਦੀ, ਫ਼ਿਕਰ ਖ਼ਾਦ ਦਾ ਬੀਜ ਦਾ,
ਖਾਦ ਮਹਿੰਗੀ, ਬੀਜ ਮਹਿੰਗਾ
ਕੋਠੀ ਵਿਹਲੀ ਦਾਣਿਆਂ ਵਾਲੀ ਵੀ,
ਲਿਆਉਣੇ ਖਾਣ ਲਈ ਵੀ, ਬੀਜ ਲਈ ਵੀ,
ਕੁੜੀ ਮੁਟਿਆਰ, ਵਿਆਹ ਵੀ ਰਚਾਵਣਾ ਜੇਠ੍ਹ ਹਾੜ ਦਾ,
ਦੇਣੀ ਕਿਸ਼ਤ ਮਾਰਗੇਜ ਦੀ, ਕਰਜ਼ਾ ਕੋਪਰੇਟ ਦਾ
ਕਰਜ਼ੇ ਵੱਡੇ ਜਿੰਦ ਛੋਟੀ
ਮੰਗੇ ਸਾਂਝੀ ਵੀ ਪੈਸੇ,
ਰਿੰਗ ਇੰਦਣ ਦੇ ਬਹਿ ਗਏ,
ਦੇਣੇ ਪਿਛਲੇ ਕਰਿਆਨੇ ਵਾਲੇ ਦੇ ਵੀ,
ਕੱਪੜੇ ਵਾਲੇ ਦੇ ਵੀ,
ਪੈਸੇ ਥੋੜ੍ਹੇ ਵਿਆਜ ਚੋਖ਼ਾ
ਸੋਚ ਸੋਚ ਦਿਲ ਜੱਟ ਦਾ ਜਾਵੇ ਡੁੱਬਦਾ,
ਚੜ੍ਹੀ ਜਿੰਦ ਚਰੱਖੜੀ ਤੇ,
ਤੂੰਬਾ ਤੂੰਬਾ ਟੁੱਟਦਾ ।

ਮੁੱਕਿਆ ਤੇਲ ਕੋਨੀ ਚੋਂ, ਆਟਾ ਭੜੋਲੀ ਚੋਂ,
ਭੁੱਖਾ ਜੱਟ, ਭੁੱਖਾ ਸਾਂਝੀ,
ਭੁੱਖੇ ਮੁੰਡੇ, ਤੇ ਕੁੜੀਆਂ
ਦਾਣੇ ਡੂਢੇ ਤੇ ਦੂਣੇ ਤੋਂ ਲਏ,
ਲੱਭੂ ਬਾਣੀਏਂ ਤੋਂ......
ਧਰੀ ਟੂੰਮ ਗਹਿਣੇ ਜੱਟੀ ਦੀ
ਲਿਆਂਦਾ ਤੇਲ, ਲਾਏ ਪਾਣੀ ਕਣਕਾਂ ਲਾਡਲੀਆਂ ਨੂੰ,
ਰਾਤੀ ਪੋਹ ਦੀਆਂ ਠੰਡੀਆਂ,
ਸੀਤ ਹੱਡੀਆਂ 'ਚ ਜਾਵੇ ਜੀਰਦੀ
ਲਾਵੇ ਧੂਣੀਆਂ, ਸੇਕੇ ਹੱਥ ਕੁੰਗੜੇ ਪੈਰ ਕੁੰਗੜੇ,
ਕਣਕਾਂ ਲਾਡਲੀਆਂ ਤੇ ਛਿੰਦੀਆਂ,
ਧੀਆਂ ਵੀ ਦੁੱਬਰਆਰੀਆਂ
ਕਣਕਾਂ ਤਾਂ ਸੌਂਕਣਾਂ ਤੇ ਸ਼ਰੀਕਣੀਆਂ,
ਖੋਹਣ ਟੂੰਮਾਂ ਜੱਟੀ ਦੀਆਂ ।

ਗੋਡੇ ਜੱਟ, ਗੋਡੇ ਜੱਟੀ, ਗੋਡੇ ਪਾੜ੍ਹਾ ਮੁੰਡਾ ਵੀ,
ਕੁੜੀ ਵੀ, ਗੋਡੇ ਸਾਂਝੀ ਵੀ,
ਲਾਉਣ ਲਾਰਾ ਕੁੜੀ ਨੂੰ ਫੁੱਲਾਂ ਵਾਲੇ ਸੂਟ ਦਾ,
ਮੁੰਡੇ ਨੂੰ ਕਾਢਵੀਂ ਜੁੱਤੀ ਦਾ,
ਲਾਉਣ ਲਾਰੇ ਆਪਣੇ ਆਪ ਨੂੰ ਵੀ
ਸਾਂਝੀ ਨੂੰ ਵੀ ਕੱਢੀ ਜਾਣ ਘਾਹ,
ਥੱਬਿਆਂ ਮੂੰਹੀਂ ਪੰਡਾਂ ਮੂੰਹੀ...,
ਅੰਭੇ ਪੋਟੇ ਜੱਟ ਦੇ, ਬਾਹੀਂ ਜੱਟੀ ਦੀਆਂ,
ਅੰਭੇ ਮੁੰਡੇ ਕੁੜੀਆਂ ਵੀ ਸਾਂਝੀ ਵੀ
ਇਕ ਨਾ ਅੰਭਿਆ
ਐਤਰਾ ਦਿਲ ਦਾ ਚਾਅ !
ਝੁਰਣ ਝੋਰੇ ਕਰਨ ਗੱਲਾਂ, ਲੋੜਾਂ ਦੀਆਂ ਥੋੜਾਂ ਦੀਆਂ,
ਕਰਨ ਗੱਲਾਂ ਟੂੰਮਾਂ ਗਹਿਣੇ ਪਾਈਆਂ ਦੀਆਂ
ਲਾਹੁਣ ਵਾਲੇ ਉਧਾਰ ਦੀਆਂ
ਉਧਾਰ ਲੰਮੇ, ਹੋਣ ਦੂਣ ਸਵਾਏ,
ਗਿਣ ਗਿਣ ਪੋਟੇ ਵੀ ਰਹਿ ਗਏ,
ਰਕਮਾਂ ਵੱਡੀਆਂ
ਫਿਰ ਦੇਣ ਥੰਮ੍ਹੀਆਂ ਦਿਲਾਂ ਨੂੰ
ਹੌਂਸਲੇ ਮਨਾਂ ਨੂੰ
ਸਧਰਾਏ ਦਿਲ, ਸਧਰਾਈਆਂ ਅੱਖੀਆਂ,
ਵੇਖਣ ਮੁੜ ਮੁੜ ਕਣਕਾਂ ਨੂੰ,
'ਓਏ ਰੱਬਾ ਕਦੀ ਸਾਡੀ ਵੀ ਸੁਣੀਂ',
ਓਏ ਰੱਬਾ ਡਾਢਿਆ ! ਕੱਢਣ ਲਿਲ੍ਹਕੜੀਆਂ ।

ਪਾਈਆਂ ਖਾਦਾਂ ਹੋਰ ਦੂਣੀਆਂ ਤੇ ਚੌਣੀਆਂ,
ਖਾਣ ਖਾਦਾਂ ਪੀਣ ਪਾਣੀ ਕਣਕਾਂ ਕਰਮਾਂ ਵਾਲੀਆਂ,
ਕਣਕਾਂ ਬੇ-ਪਰਵਾਹ ਬਾਂਕੀਆਂ ਤੇ ਸੁਹਣੀਆਂ,
ਆਉਣ ਬਣ-ਠਣ ਕੇ ਇਹ ਛਲੇਡੀਆਂ ਤੇ ਟੂਣੇਹਾਰੀਆਂ,
ਕੱਢਣ ਬੁੱਕ ਬੁੱਕ ਨਾਲੀਆਂ,
ਕਣਕਾਂ ਸ਼ਾਹ ਕਾਲੀਆਂ,
ਦਾਣੇ ਮੋਟੇ ਵਾਂਗ ਅਨਾਰਾਂ ਦੇ,
ਸਿੱਟੇ ਗਿੱਠ ਗਿੱਠ ਲੰਮੇ,
ਕਸੀਰ ਵੀ ਲੰਮੇ...ਝੂਮਣ ਹਵਾ 'ਚ,
ਪਾਣ ਜੱਫੀਆਂ...
ਝੂੰਮਣ ਕਣਕਾਂ, ਝੂੰਮੇ ਜੱਟ, ਝੂੰਮੇ ਜੱਟੀ,
ਝੂੰਮੇ ਸਾਂਝੀ, ਝੂੰਮਣ ਮੁੰਡੇ ਕੁੜੀਆਂ,
ਝੂੰਮਣ ਰਾਹੀ ਜਾਂਦੇ ਵੀ
ਧੁਪ ਜਾਣੇ ਧੋਣੇ ਐਤਕੀਂ ਅਗਲੇ ਤੇ ਪਿਛਲੇ
ਮਿਓਣ ਨਾ ਚਾਅ ਦਿਲਾਂ 'ਚ
ਮਿਓਣ ਨਾ ਕਣਕਾਂ ਵੀ ਖੇਤਾਂ 'ਚ
ਕਣਕਾਂ ਅਮਾਂਦੀਆਂ......

ਭੱਠੀ ਲੁਹਾਰ ਦੀ ਤੇ ਬੈਠੇ ਵਾਢੇ ਘੇਰਾ ਘੱਤੀ,
ਹੱਥੀਂ ਦਾਤਰੀਆਂ ਖੁੰਢੀਆਂ,
ਕਢਾਉਣ ਦੰਦੇ ਵਾਰੋ ਵਾਰੀ,
ਕਰਨ ਗੱਲਾਂ ਕਣਕਾਂ
ਬਾਹਰਲੀਆਂ ਫੱਬੀਆਂ ਦੀਆ......
ਆਈ ਬਕਲੋਟੀ ਲਹਿੰਦੇ ਵੱਲੋਂ ਚਾਣਚੱਕ,
ਪਈ ਬਿੱਜ ਅਸਮਾਨੋਂ,
ਸੱਥਰ ਜ਼ੂ ਵਿੱਛਿਆ ਚਿੱਟਾ,

ਟੁੱਟੀ ਨਾੜ ਨਾੜ,
ਹੋਈ ਤੀਲਾ ਤੀਲਾ
ਕਿੱਥੇ ਤਾਂ ਗਏ ਸਿੱਟੇ ਸੁਨਹਿਰੀ ?
ਕਿੱਧਰ ਤਾਂ ਗਈਆਂ ਕਣਕਾਂ ਭਾਰੀਆਂ ?
ਕਿੱਧਰ ਤਾਂ ਗਏ ਚਾਅ ਚਿਰੋਕਣੇ ?
ਕਿੱਧਰ ਤਾਂ ਗਈਆਂ ਸਧਰਾਂ ਕਰਮਾਂ ਮਾਰੀਆਂ ?

ਹੁੰਝਦੀ ਜੱਟੀ, ਹੁੰਝੇ ਜੱਟ, ਹੁੰਝਣ ਅੰਞਾਣੇ,
ਹੁੰਝੇਂ ਸਾਡੀ ਵੀ ਡੱਡੋਲਿੱਕਾ......

ਦਾਣੇ ਦਾਣੇ ਤੇ ਜਾਵੇ ਅੱਥਰੂ ਜੱਟੀ ਦਾ ਕਿਰਦਾ,
ਓਏ ਰੱਬਾ ਡਾਢਿਆ ਕਿੱਥੋਂ ਤਾਂ
ਘੱਲੀ ਆ ਬਦਲੀ ਕਾਲੀ ?
ਕਿੱਥੋਂ ਤਾਂ ਘੱਲਿਆਂ ਈ ਮੀਂਹ ?
ਕਿੱਥੋਂ ਖਾਣ ਬਾਲ ਅੰਞਾਣੇ ?
ਕਿੱਥੋਂ ਤਾਂ ਲਹਿਣ ਉਧਾਰ,
ਬੂਹਿਆਂ, ਤੇ ਬੈਠੀਆਂ ਕੁੜੀਆਂ ਕੁਆਰੀਆਂ,
ਕਿੱਥੋਂ ਤਾਂ ਕਰਨ ਵਿਹਾਰ ।
o

---

### ਜਿਥੇ ਬਲੈਕ ਮਾਰਕੀਟਿੰਗ ਦਾ ਕੌਮਕਰਨ ਹੁੰਦਾ ਹੈ—ਉਹ ਭਾਰਤ ਦੇਸ਼ ਹੈ ਮੇਰਾ

# ਕਹਾਣੀ ਸਿਰਮਟ ਲਾਲ ਦੀ

ਐਮ.ਸੀ. ਭਾਰਦਵਾਜ

ਪ੍ਰੋ. ਭਾਰਦਵਾਜ ਦਾ ਇਹ ਲੇਖ ਸੀਮੈਂਟ ਦੇ ਸੰਕਟ ਦੀ ਜਿਥੇ ਇਕ ਤਰਕਸ਼ੀਲ ਵਿਆਖਿਆ ਕਰਦਾ ਹੈ ਉਥੇ ਅਜਾਰੇਦਾਰੀ ਵਲੋਂ ਸਰਕਾਰ ਦੀ ਪੂਰੀ ਸ਼ਹਿ ਨਾਲ ਲੋਕਾਂ ਦੀ ਲੁੱਟ ਦੀ ਸਹੀ ਤਸਵੀਰ ਪੇਸ਼ ਕਰਦਾ ਹੈ। ਅਜਾਰੇਦਾਰੀ ਨੇ ਪਹਿਲੇ ਬੜੇ ਵਿਉਂਤਬੰਦ ਤਰੀਕੇ ਨਾਲ ਸਾਡੇ ਇਮਾਰਤਕਾਰੀ ਤੌਰ ਤਰੀਕਿਆਂ ਤੇ ਸੱਟ ਮਾਰੀ। ਸਾਡੀਆਂ ਪੁਰਾਣੀਆਂ ਸਾਰੀਆਂ ਇਮਾਰਤਾਂ ਚੂਨਾ, ਸੁਰਖੀ ਅਤੇ ਰੋੜ ਨਾਲ ਬਣੀਆਂ ਹੋਈਆਂ ਹਨ। ਖਾਲਸਾ ਕਾਲਜ ਅਮ੍ਰਿਤਸਰ ਦੀ ਬਿਲਡਿੰਗ ਕੋਈ 80 ਸਾਲ ਪਹਿਲੇ ਰੋੜ ਵਾਲੇ ਚੂਨੇ ਨਾਲ ਹੀ ਬਣੀ ਹੋਈ ਹੈ। ਮੁਗਲਾਂ ਵੇਲੇ ਬਣੀਆਂ ਸਾਰੀਆਂ ਵੱਡੀਆਂ ਇਮਾਰਤਾਂ ਕੀ ਤਾਜ ਤੇ ਕੀ ਲਾਲ ਕਿਲ੍ਹਾ ਸਭ ਚੂਨੇ ਸੁਰਖੀ ਦੀ ਦੇਣ ਹਨ, ਜਿਨ੍ਹਾਂ ਨੂੰ ਅਸੀਂ ਦੇਸੀ ਸੀਮੈਂਟ ਕਹਿੰਦੇ ਹਾਂ। ਪੋਰਟਲੈਂਡ ਸੀਮੈਂਟ ਦੀ ਇਜਾਦ ਇਕ ਵਿਗਿਆਨਕ ਕਾਢ ਹੈ, ਪਰ ਜੇਕਰ ਕੋਈ ਲੋਕ ਹਿੱਤ ਸਰਕਾਰ ਹੁੰਦੀ ਤਾਂ ਉਹ ਦੇਸੀ ਸੀਮੈਂਟ ਦੇ ਨਾਲ ਨਾਲ ਖਾਸ ਖਾਸ ਮੰਤਵਾਂ ਲਈ ਪੋਰਟਲੈਂਡ ਸੀਮੈਂਟ ਨੂੰ ਵਰਤੋਂ ਵਿਚ ਲਿਆਉਂਦੀ ਤਾਂ ਦੇਸੀ ਸੀਮੈਂਟ ਦੇ ਅਦਿਯੋਗ ਨੂੰ ਵੀ ਵਧਾਵਾ ਦੇਂਦੀ ਤਾਂ ਜੋ ਲੋਕ ਸਸਤੇ ਤਰੀਕੇ ਨਾਲ ਆਪਣੀਆਂ ਲੋੜਾਂ ਨੂੰ ਪੂਰਾ ਕਰ ਸਕਦੇ। ਪਰ ਹੋਇਆ ਇਸ ਤਰ੍ਹਾਂ ਕਿ ਲੋਕਾਂ ਨੂੰ ਪੂਰੀ ਤਰ੍ਹਾਂ ਪੋਰਟਲੈਂਡ ਸੀਮੈਂਟ ਦੇ ਰਹਿਮ ਤੇ ਲਿਆਕੇ ਮਸਨੂਈ ਸ਼ਕਲ ਵਿਚ ਇਸ ਸੀਮੈਂਟ ਵਿਚ ਕਮੀ ਕਰ ਦਿਤੀ ਅਤੇ ਇਸਨੂੰ ਬਲੈਕ ਮਾਰਕਿਟ ਦੀ ਜਿਨਸ ਬਣਾ ਦਿਤਾ। ਜਦੋਂ ਇਹ ਬਲੈਕ ਸਥਾਪਤ ਹੋ ਗਈ ਤਾਂ ਫੇਰ ਦਬਾ ਪਾ ਕੇ ਸਰਕਾਰ ਕੋਲੋਂ ਇਹ ਰਿਐਤ ਲੈ ਲਈ ਕਿ ਤੀਜਾ ਹਿੱਸਾ ਸੀਮੈਂਟ ਇਸੇ ਬਲੈਕ ਦੀ ਕੀਮਤ ਉੱਤੇ ਖੁਲ੍ਹੀ ਮਾਰਕਿਟ ਵਿਚ ਵੇਚਿਆ ਜਾ ਸਕਦਾ ਹੈ। ਪ੍ਰੋ: ਭਾਰਦਵਾਜ ਵਲੋਂ ਦਿਤੀ ਸੀਮੈਂਟ ਦੀ ਇਹ ਕਹਾਣੀ ਸਪੱਸ਼ਟ ਤਰੀਕੇ ਨਾਲ ਅਜਾਰੇਦਾਰੀ ਵਲ ਇਸ ਦੇਸ਼ ਦੇ ਲੋਕਾਂ ਦੀ ਲੁੱਟ ਨੂੰ ਨੰਗਿਆ ਕਰਦੀ ਹੈ। ਇਹ ਲੇਖ ਸਾਡੀ ਸਰਕਾਰ ਦੇ ਕਿਰਦਾਰ ਨੂੰ ਵੀ ਸਹੀ ਰੂਪ ਵਿਚ ਸਮਝਣ ਵਿਚ ਮਦਦ ਕਰਦੀ ਹੈ। ਇਹ ਲੇਖ ਇਹ ਵੀ ਸਪੱਸ਼ਟ ਕਰਦਾ ਹੈ ਕਿ ਅਜਾਰੇਦਾਰੀ ਦੀ ਪਕੜ ਸਾਡੇ ਦੇਸ਼ ਦੀ ਆਰਥਿਕਤਾ ਉੱਤੇ ਕਿਤਨੀ ਸ਼ਕਤੀਸ਼ਾਲੀ ਹੈ ਤੇ ਇਸਨੂੰ ਤਹਿਸ਼ ਨਹਿਸ਼ ਕੀਤੇ ਬਿਨਾਂ ਲੋਕਾਂ ਨੂੰ ਕਦੀ ਵੀ ਨਿਜਾਤ ਨਹੀਂ ਮਿਲ ਸਕਣੀ। ਸਾਡੀਆਂ ਅੱਖਾਂ ਦੇ ਸਾਹਮਣੇ ਹੀ ਇਕ ਤਮਾਸ਼ਾ ਹੋ ਰਿਹਾ ਹੈ, ਜਿਸਦੀ ਅਸੀਂ ਮਹਿੰਗੀ ਤੋਂ ਮਹਿੰਗੀ ਕੀਮਤ ਤਾਰ ਰਹੇ ਹਾਂ। ਕੀ ਅਸੀਂ ਦਰਸ਼ਕ ਬਣਕੇ ਇਹ ਤਮਾਸ਼ਾ ਵੇਖਦੇ ਰਵ੍ਹਾਂਗੇ ਜਾਂ ਆਪਣੀ ਤਕਦੀਰ ਬਦਲਣ ਦਾ ਉਪਰਾਲਾ ਕਰਾਂਗੇ। ਇਹ ਲੇਖ ਸਾਡੇ ਸਾਹਮਣੇ ਇਕ ਸਵਾਲ ਪੈਦਾ ਕਰਦਾ ਹੈ, ਜਿਸਦਾ ਜਵਾਬ ਦੇਣਾ ਬਹੁਤ ਜ਼ਰੂਰੀ ਹੋ ਗਿਆ। —ਸੰਪਾਦਕ

ਕਹਾਣੀ ਸਿਰਮਟ ਲਾਲ ਦੀ......ਤੁਸੀਂ ਕਹੋਗੇ ਕਿ ਮੈਂ ਸੀਮੈਂਟ ਵਰਗੀ ਪੱਥਰ ਸ਼ੈਅ ਨੂੰ ਲਾਲ ਦਾ ਦਰਜਾ ਕਿਵੇਂ ਦਈ ਜਾ ਰਿਹਾ ਹਾਂ। ਪਰ ਪਿਛਲੇ ਦਿਨੀਂ ਜਿਨ੍ਹਾਂ ਨੇ ਪੰਝੀਆਂ ਵਾਲੀ ਬੋਰੀ ਦੇ ਪਝੱਤਰ ਤਾਰੇ ਹੋਣਗੇ, ਉਹ ਮੇਰੇ ਨਾਲ ਜ਼ਰੂਰ ਸਹਿਮਤ ਹੋ ਜਾਣਗੇ ਕਿ ਸੀਮੈਂਟ ਦਾ ਥੈਲਾ 'ਲਾਲਾਂ' ਨਾਲੋਂ ਵੀ ਪਿਆਰਾ ਹੋ ਗਿਆ ਹੈ। ਅਜਕਲ੍ਹ ਸਰਕਾਰ ਨਸਬੰਦੀ ਕਰਵਾਉਣ ਵਾਲੇ ਨੂੰ ਇਕ ਦੇਸੀ ਘਿਉ ਦਾ ਡੱਬਾ, ਡੂਢ ਸੌ ਨਕਦ, ਦਸ ਕੇਸ ਲਿਆਉਣ ਵਾਲੇ ਨੂੰ ਨਵਾਂ ਸਾਈਕਲ ਆਦਿ ਦੇ ਰਹੀ ਹੈ। ਅਗਰ ਇਹੋ ਤਿੰਨ ਕੁ ਸੌ ਪ੍ਰਤੀ ਕੇਸ ਉਪਰ ਖਰਚਣ ਦੀ ਬਜਾਏ, ਉਹ ਦਸ ਦਸ

ਸੀਮੈਂਟ ਦੀਆਂ ਬੋਰੀਆਂ ਮੁੱਕੋ ਤੇ ਦੇਣ ਦਾ ਐਲਾਨ ਕਰ ਦੇਵੇ ਤਾਂ ਲੇਖਕ ਦਾਅਵੇ ਨਾਲ ਕਹਿੰਦਾ ਹੈ ਕਿ ਅਗਲੇ ਦਿਨ ਹੀ ਹਸਪਤਾਲਾਂ ਮੂਹਰੇ, ਅਪ੍ਰੇਸ਼ਨ ਕਰਵਾਉਣ ਵਾਲਿਆਂ ਦੀਆਂ ਕਦੇ ਨਾ ਮੁਕਣ ਵਾਲੀਆਂ ਕਤਾਰਾਂ ਲਗ ਜਾਣ ਅਤੇ ਬੰਦਾ ਖੁਦ ਸਭ ਤੋਂ ਮੂਹਰੇ।

ਤੁਸੀਂ ਭਾਵੇਂ ਹੱਸੋ, ਪਰ ਜਿਹੜੇ ਸਾਲਾਂ ਤੋਂ ਸੀਮੈਂਟ ਹਥੋਂ ਦੁਖੀ ਹੁੰਦੇ ਆ ਰਹੇ ਹਨ ਉਹ ਜ਼ਰੂਰ ਮੇਰੀ ਤਜਵੀਜ਼ ਤੇ ਗੌਰ ਕਰਨਗੇ ਜਾਂ ਗੌਰ ਕਰਨਗੇ 'ਵਲਡ ਬੈਂਕ' ਵਾਲੇ ਜੋ ਦੂਹੋ-ਦੂਹ ਅਪਰੇਸ਼ਨ ਕਰੀ ਜਾਣ ਦੇ ਹੁਕਮ ਚਾੜ੍ਹੀ ਜਾ ਰਹੇ ਹਨ।

ਸਨ 1960 ਵਿਚ ਸੀਮੈਂਟ ਦਾ ਥੈਲਾ 6 ਰੁਪਏ ਦਾ ਆਉਂਦਾ ਸੀ, ਇੰਦਰਾ ਜੀ ਦੇ ਗੱਦੀ ਤੇ ਪਸੱਕਾ ਮਾਰਨ ਸਮੇਂ 8 ਰੁਪਏ ਦਾ ਆਉਂਦਾ ਸੀ ਤੇ ਅੱਜ 'ਅੱਸੀਆਂ' ਦਾ ਵੀ ਨਹੀਂ ਲਭਦਾ। ਲੁਧਿਆਣੇ ਵਿਚ ਤਾਂ ਬੇਸ਼ੱਕ ਕਾਲੇ ਧਨ ਵਾਲਿਆਂ ਡੂਢ ਸੌ ਪ੍ਰਤੀ ਬੋਰੀ ਦੇ ਹਿਸਾਬ ਵੀ ਖਰੀਦ ਲਿਆ ਸੀ ਪਰ ਬੰਬਈ ਵਿਖੇ ਤਾਂ 'ਅਬਦੁਲ ਰਹਿਮਾਨ ਅੰਤੁਲੇ' ਵਿਚਾਰਾ ਤਾਂ ਸਵਾ ਸੌ ਪ੍ਰਤੀ ਬੋਰੀ ਦੇ ਹਿਸਾਬ ਹੀ ਵੇਚੀ ਗਿਆ। ਆਉ ਜ਼ਰਾ ਉਨ੍ਹਾਂ ਨੁਕਤਿਆਂ ਤੇ ਵਿਚਾਰ ਕਰੀਏ ਜਿਨ੍ਹਾਂ ਸਦਕਾ ਸੀਮੈਂਟ ਐਨਾ ਮਹਿੰਗਾ ਹੋ ਗਿਆ ਹੈ:

## ਕਣਕ ਤੇ ਮਿੱਟੀ—ਇਕੋ ਭਾਅ

ਅਜ ਗਰੀਬਾਂ ਦੀ 'ਖਾਨਦਾਨੀ ਹਮਦਰਦ' ਸਰਕਾਰ ਨੇ, ਬੇਸ਼ਕ, ਸੀਮੈਂਟ ਨੂੰ ਕਣਕ ਤੋਂ ਵੀ ਮਹਿੰਗਾ ਵੇਚਣ ਦੇ ਹੁਕਮ ਚਾੜ੍ਹ ਦਿਤੇ ਹਨ (ਕਣਕ 142 ਰੁਪਏ ਕਵਿੰਟਲ, ਸੀਮੈਂਟ 145 ਰੁਪਏ ਕਵਿੰਟਲ*) ਪਰ ਬਹੁਤ ਸਾਰੇ ਭੈਣ-ਭਰਾ ਇਹ ਜਾਣਕੇ ਹੈਰਾਨ ਹੋਣਗੇ ਕਿ ਸੀਮੈਂਟ 'ਮਿੱਟੀ-ਰੋੜਿਆਂ' ਦੇ ਭਾਉ ਹੀ ਪੈਂਦਾ ਹੈ। ਹਾਂ! ਹਾਂ! ਸੀਮੈਂਟ ਬਣਦਾ ਵੀ ਤਾਂ ਮਿੱਟੀ ਅਤੇ ਰੋੜਿਆਂ ਤੋਂ ਹੀ ਹੈ।

ਸ਼ਾਇਦ ਤੁਹਾਨੂੰ ਯਕੀਨ ਨਹੀਂ ਹੈ ਆਇਆ, ਲਉ ਹੁਣ ਟੈਕਨੀਕਲ ਸ਼ਬਦਾਂ ਵਿਚ ਸਮਝਾ ਦਿੰਦਾ ਹਾਂ, ਜਿਵੇਂ ਮੈਂ ਸੈਕਿੰਡ ਯੀਅਰ ਸਿਵਲ ਇੰਜੀਨਰਿੰਗ ਦੇ ਵਿਦਿਆਰਥੀਆਂ ਨੂੰ ਪੜ੍ਹਾਉਂਦਾ ਹਾਂ:

ਸੀਮੈਂਟ ਦੋ ਪ੍ਰਕਾਰ ਦਾ ਹੁੰਦਾ ਹੈ—(ੳ) ਦੇਸੀ ਸੀਮੈਂਟ (Natural Cement)

(ਅ) ਵਲੈਤੀ ਸੀਮੈਂਟ (Rortland Cement)

1914 ਦੀ ਪਹਿਲੀ ਵੱਡੀ ਜੰਗ ਤੋਂ ਪਹਿਲਾਂ ਦੇਸੀ ਸੀਮੈਂਟ ਦੀ ਆਮ ਵਰਤੋਂ ਕੀਤੀ ਜਾਂਦੀ ਸੀ ਅਤੇ ਅਗਰ ਪਲੈਨਿੰਗ ਕਮਿਸ਼ਨ ਦੀ ਵਾਗਡੋਰ ਇੰਦਰਾ ਗਾਂਧੀ ਵਰਗੀਆਂ ਮਮੂਲੀ ਪੜ੍ਹੀਆਂ (ਟੈਕਨੀਕਲੀ ਜ਼ੀਰੋ) ਸ਼ਖਸੀਅਤਾਂ ਦੇ ਹੱਥੀਂ ਹੀ ਰਹੀ ਤਾਂ 1984 ਤੋਂ ਮਗਰੋਂ ਵੀ ਅਜਿਹਾ ਸੀਮੈਂਟ ਹੀ ਨਸੀਬ ਹੋਇਆ ਕਰੇਗਾ।

## ਦੇਸੀ ਸੀਮੈਂਟ ਬਣਾਉਣ ਦੀ ਵਿਧੀ:

ਤਿੰਨ ਹਿੱਸੇ ਪੀਸੇ ਚੂਨੇ (Lime) ਵਿਚ, ਰੇਤਲੀ ਮਿੱਟੀ (Sandy Clay) ਮਿਲਾ ਕੇ ਚੰਗੀ ਤਰ੍ਹਾਂ ਰਲਾ ਲਉ। ਰਲਾਉਣ ਮਗਰੋਂ ਬੋਰੀਆਂ ਵਿਚ ਜਾਂ ਪੀਪਿਆਂ ਵਿਚ ਬੰਦ ਕਰਕੇ, ਕਿਸੇ ਸਟੋਰ ਵਿਚ ਰਖ ਲਉ ਤਾਂ ਜੁ ਨਮੀ ਆਦਿ ਦੀ ਮਾਰ ਤੋਂ ਬਚਾ ਰਹੇ ਵਰਨਾ ਪੀਪਿਆਂ ਵਿਚ ਹੀ ਸੈਟ ਹੋ ਜਾਏਗਾ। ਗੁਆਂਢੀਆਂ ਨੂੰ ਚਿੜਾਉਣ ਖਾਤਰ, ਬੇਸ਼ੱਕ, ਮੇਡ ਇਨ ਇੰਗਲੈਂਡ ਦਾ ਠੱਪਾ ਵੀ ਬੋਰੀਆਂ ਉਪਰ ਲੁਗਾ ਦਿਉ। ਇਸ ਤਰ੍ਹਾਂ ਤੁਹਾਨੂੰ ਘਰ ਵਿਚ ਹੀ ਸੀਮੈਂਟ ਦਾ ਇਕ ਥੈਲਾ 17-18 ਰੁਪਏ ਨੂੰ ਪੈ ਜਾਵੇਗਾ। ਲਿੰਟਲ ਅਤੇ ਸਲੈਬਾਂ ਤੋਂ ਇਲਾਵਾ ਜਿਸ ਮਰਜ਼ੀ ਕੰਮ ਖਾਤਰ, ਇਸ ਸੀਮੈਂਟ ਦੀ ਵਰਤੋਂ ਕਰੋ। ਕੇਵਲ ਸਰੀਏ ਦੇ ਨਾਲ ਅਜਿਹਾ ਸੀਮੈਂਟ ਵਰਤਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਸ਼ੁਧ ਚੂਨਾ, ਲੋਹੇ ਨੂੰ ਕਾਟ ਕਰ ਜਾਂਦਾ ਹੈ। ਨੋਟ: ਚੂਨੇ ਦੇ ਇਸਤੇਮਾਲ ਸਮੇਂ ਕਿਸੇ ਸਿਆਣੇ ਮਿਸਤਰੀ ਕੋਲੋਂ ਸਲਾਹ ਲੈਣੀ ਬੇਹਤਰ ਸਾਬਤ ਹੋ ਜਾਂਦੇ ਹੋਵੇਗੀ।

ਦੇਹਰਾਦੂਨ ਵਰਗੇ ਪਹਾੜੀ ਇਲਾਕਿਆਂ ਵਿਚ, ਇਹੋ ਸੀਮੈਂਟ, ਹੋਰ ਵੀ ਸਸਤਾ ਪਵੇਗਾ ਕਿਉਂਕਿ ਚੂਨੇ ਦੇ ਛੋਟੇ ਛੋਟੇ ਪੱਥਰ ਖੱਡਾਂ ਵਿਚੋਂ ਆਮ ਮਿਲ ਜਾਂਦੇ ਹਨ। ਅਗਰ ਦੇਸੀ ਸੀਮੈਂਟ ਹੋਰ ਵੀ ਸਸਤਾ ਬਨਾਉਣਾ ਚਾਹੋ ਤਾਂ ਘਰੋਂ ਨਿਕਲ ਜਾਉ। ਪਿੰਡੋਂ ਬਾਹਰ, ਰੌੜ ਵਿਚੋਂ, ਰੋੜੇ (Kankars) ਇਕੱਠੇ ਕਰ ਲਿਆਉ। ਕਿਉਂਕਿ ਰੋੜ ਵੀ, ਚੂਨੇ ਦੇ ਪੱਥਰ ਹੀ ਹੁੰਦੇ ਹਨ ਜੋ ਪਹਾੜਾਂ ਤੋਂ ਰਿੜਕੇ, ਮੈਦਾਨਾਂ ਵਿਚ ਆਣ ਛੁਪੇ ਹੁੰਦੇ ਹਨ; ਇਸ ਲਈ ਸ਼ੁਧ ਚੂਨੇ ਦੀ ਜਗ੍ਹਾ, ਰੋੜਾਂ ਦਾ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਸੀਮੈਂਟ ਦਾ ਰੰਗ, ਚੂਨੇ ਦੇ ਪੱਥਰ ਅਤੇ ਮਿੱਟੀ ਦੇ ਰੰਗ ਨਾਲ ਮਿਲਦਾ ਜੁਲਦਾ, ਘਸਮੈਲਾ/ਪੀਲਾ/ਕਾਲਾ/ਹਰਿਆ ਕੁਝ ਵੀ ਹੋ ਸਕਦਾ ਹੈ।

*ਕਵਿੰਟਲ ਵਿਚ ਦੋ ਬੋਰੀਆਂ ਸੀਮੈਂਟ ਆਉਂਦਾ ਹੈ। ਇਕ ਬੋਰੀ ਵਿਚ 50 ਕਿਲੋ ਦੀ ਜਗ੍ਹਾ ਮਸਾਂ 47-48 ਕਿਲੋ ਸੀਮੈਂਟ ਹੀ ਨਿਕਲਦਾ ਹੈ। $68 + 68 = 136 \times 50/47 = 145$

## ਵਲੈਤੀ ਸੀਮੈਂਟ :

ਜਿਹੜਾ ਹਰਿਆ ਸੀਮੈਂਟ ਤੁਹਾਨੂੰ, ਖੁੰਭਾਂ/ਪਦਬੇੜਿਆਂ ਵਾਂਗੂ ਚਾਣਚੱਕ ਪੈਦਾ ਹੋਏ 33-ਸਾਲਾ ਯੁਵਕ ਨੇਤਾ ਦੇ ਕਢੇ-ਕਦਾਖੀਂ, ਕੰਟਰੋਲ ਰੇਟ ਉਪਰ ਮਾਰਕੀਟ ਵਿਚ ਮਿਲ ਜਾਂਦਾ ਸੀ, ਇਸ ਨੂੰ ਪੋਰਟਲੈਂਡ ਸੀਮੈਂਟ ਕਿਹਾ ਜਾਂਦਾ ਹੈ। ਇਹ ਸੀਮੈਂਟ ਵੀ ਆਪਣੇ ਦੇਸ਼ ਵਿੱਚ ਹੀ ਬਣਦਾ ਹੈ ਪਰ ਕਿਉਂਕਿ ਸਾਡੇ ਦੇਸ਼ ਦੇ ਚੂਨੇ ਦੇ ਪੱਥਰਾਂ ਦਾ ਰੰਗ, ਇੰਗਲੈਂਡ ਦੀ ਪੋਰਟਲੈਂਡ ਬੰਦਰਗਾਹ ਦੇ ਆਲੇ-ਦੁਆਲੇ ਮਿਲਣ ਵਾਲੇ ਪੱਥਰਾਂ ਨਾਲ ਮਿਲਦਾ-ਜੁਲਦਾ ਹੈ, ਇਸ ਲਈ ਅੰਗਰੇਜ਼ਾਂ ਨੇ, ਇਥੇ ਬਨਣ ਵਾਲੇ ਸੀਮੈਂਟ ਦਾ ਨਾਉਂ ਵੀ ਪੋਟਰਲੈਂਡ ਸੀਮੈਂਟ ਰੱਖ ਦਿਤਾ। ਆਪਣੇ ਦੇਸ਼ ਵਿਚ ਸੀਮੈਂਟ ਲਈ ਲੋੜੀਂਦੇ ਪੱਥਰਾਂ ਦੀ ਕੋਈ ਕਮੀ ਨਹੀਂ।

ਇਕ ਗੱਲ ਹੋਰ ਵੀ ਦਿਲਚਸਪੀ ਵਾਲੀ ਹੈ। ਜਿਹੜੇ ਇਲਾਕੇ ਸਮੁੰਦਰ ਕਿਨਾਰੇ ਹਨ, ਉਹ ਲੋਕੀਂ, ਚੋਰੀ ਛਿਪੇ ਦੇਸੀ ਸੀਮੈਂਟ ਬਨਾਉਣ ਖਾਤਰ ਘੋਗੇ, ਸਿੱਪ, ਕੱਛੂ ਕੁਮਿਆਂ ਦੇ ਕਵਚ ਵਗੈਰਾ ਇਕੱਠੇ ਕਰ ਲੈਂਦੇ ਹਨ। ਕਿਉਂਕਿ ਇਹ ਕਵਚ ਆਦਿ ਵੀ ਚੂਨੇ ਦੇ ਬਣੇ ਹੋਏ ਹਨ (ਜਿਵੇਂ ਸਾਡੇ ਦੰਦ ਹਨ) ਇਸ ਲਈ ਇਨ੍ਹਾਂ ਨੂੰ ਵਰਤਕੇ ਸੀਮੈਂਟ ਤਿਆਰ ਕਰ ਲਿਆ ਜਾਂਦਾ ਹੈ।

ਪਰ 'ਕਾਨੂੰਨ ਮੁਤਾਬਕ' ਜਿਵੇਂ ਪੰਜਾਬੀਆਂ ਨੂੰ ਘਰਾਂ ਵਿਚ ਖੰਡ/ਸ਼ਰਾਬ ਤਿਆਰ ਕਰਨ ਦੀ ਇਜਾਜ਼ਤ ਨਹੀਂ ਹੈ, ਉਸੇ ਤਰ੍ਹਾਂ ਪਹਾੜੀ ਇਲਾਕਿਆਂ ਵਿਚ ਚੂਨੇ ਦੇ ਪੱਥਰ ਅਤੇ ਸਮੁੰਦਰੀ ਕਿਨਾਰਿਆਂ ਤੋਂ ਕਵਚ-ਘੋਗੇ-ਸਿੱਪ ਆਦਿ ਇਕੱਠੇ ਕਰਨ ਦੀ ਇਜ਼ਾਜਤ ਨਹੀਂ ਹੈ ਹੁੰਦੀ। ਅਗਰ ਲੋਕ ਘਰਾਂ ਵਿਚ ਸ਼ਰਾਬ ਤਿਆਰ ਕਰਨ ਲਗ ਪੈਣ ਤਾਂ ਕਰੋੜਾਂ ਰੁਪਏ ਬਤੌਰ ਟੈਕਸ, ਸਰਕਾਰ ਨੂੰ ਕਿਵੇਂ ਪੁਜੇਗਾ...? ਅਜ ਇਕ ਬੋਤਲ ਪਿਛੇ 25-26 ਰੁਪਏ ਟੈਕਸ, ਸਰਕਾਰ ਵਸੂਲ ਕਰ ਰਹੀ ਹੈ। ਸੀਮੈਂਟ ਦੀ ਬੋਰੀ ਮਗਰ ਵੀ 12-13 ਰੁਪਏ ਸਰਕਾਰ ਨੂੰ ਪਹੁੰਚਦੇ ਹਨ ਅਤੇ ਐਨੇ ਕੁ ਹੀ ਅਜਾਰੇਦਾਰੀ ਦੀਆਂ ਗੋਲਕਾਂ ਵਿਚ ਪਹੁੰਚ ਜਾਂਦੇ ਹਨ, ਸੋ ਉਹ ਕਿਵੇਂ ਜਾਣਗੇ ? ਅਗਰ ਲੋਕ ਖੰਡ ਘਰੀਂ ਬਨਾਉਣ ਲਗ ਪਏ ਤਾਂ ਥਾਪਰ-ਮੋਦੀ ਕਿਵੇਂ 300 ਰੁਪਏ ਕੁਇੰਟਲ ਵਾਲੀ ਦੇ 600 ਰੁਪੈ, ਵਟ ਸਕਣਗੇ... ...?? ਇਸ ਲਈ ਲੋਕਾਂ ਨੂੰ ਘਰਾਂ ਵਿਚ ਖੰਡ/ਸ਼ਰਾਬ/ਸੀਮੈਂਟ ਬਨਾਉਣ ਦੀ ਇਜਾਜ਼ਤ ਨਹੀਂ ਹੈ ਹੁੰਦੀ!

## ਚੂਨੇ, ਦੇਸੀ ਸੀਮੈਂਟ ਅਤੇ ਵਲੈਤੀ ਸੀਮੈਂਟ ਵਿਚ ਫਰਕ :

ਮੋਟੇ ਸ਼ਬਦਾਂ ਵਿਚ ਤਾਂ ਇਨ੍ਹਾਂ ਤਿੰਨਾਂ ਵਿਚ ਉਨਾ ਕੁ ਹੀ ਫਰਕ ਹੁੰਦਾ ਹੈ ਜਿਨ੍ਹਾਂ ਕੁ ਫਰਕ, ਬਾਬੂਆਂ ਦੇ ਬੂਟਾਂ, ਜੱਟਾਂ ਦੀ ਜੁੱਤੀ ਅਤੇ ਬਿਰਜੂ ਬਾਣੀਏ ਦੇ ਟਾਇਰ ਦੇ ਸਲੀਪਰਾਂ ਵਿਚ!! ਅਸਲ ਵਿਚ ਚੂਨਾ ਹੀ ਬਾਕੀ ਦੋਨਾਂ ਦਾ ਪਿਉ ਹੁੰਦਾ ਹੈ। ਦੇਸੀ ਨਾਲੋਂ ਵਲੈਤੀ ਸੀਮੈਂਟ ਵਿਚ ਫਰਕ ਸਿਰਫ ਐਨਾ ਹੀ ਹੁੰਦਾ ਹੈ ਕਿ ਇਸ ਵਿਚ ਪਹਿਲੇ ਪੀਸੇ ਚੂਨੇ ਨੂੰ ਕੋਲੇ ਦੀ ਕੇਰੀ ਨਾਲ ਮਿਲਾ ਕੇ ਹੱਥ ਗੋਲੇ ਜਿਹੇ ਬਣਾ ਲਏ ਜਾਂਦੇ ਹਨ ਜਿਵੇਂ ਘਰਾਂ ਵਿਚ ਮਾਈਆਂ-ਭੈਣਾਂ, ਕੋਲੇ ਦੀ ਬਚੀ ਕੇਰੀ ਨੂੰ ਕੇਰੀ ਨੂੰ ਗੋਹੇ ਵਿਚ ਰਲਾ ਕੇ, ਛੋਟੇ ਛੋਟੇ ਗੋਲੇ ਜਿਹੇ ਬਣਾ ਲੈਂਦੀਆਂ ਹਨ। ਅੰਗਰੇਜ਼ੀ ਅਤੇ ਤਕਨੀਕੀ ਭਾਸ਼ਾ ਵਿਚ ਇਨ੍ਹਾਂ ਗੋਲਿਆ ਨੂੰ (NODULES) ਕਿਹਾ ਜਾਂਦਾ ਹੈ। ਇਹਨਾਂ ਨੌਡਿਊਲਜ਼ ਨੂੰ ਗਰੱਮ ਭੱਠੀ ਵਿਚ ਵਗਾਹ ਦਿਤਾ ਜਾਦਾ ਹੈ। ਗੋਲਿਆਂ ਵਿਚਲੀ ਕੇਰੀ ਐਨੀ ਮਚਦੀ ਹੈ ਕਿ ਭੱਠੀ ਤੋਂ ਸੌ ਸੌ ਫੁੱਟ ਦੂਰ ਖੜਨਾ ਵੀ ਮੁਸ਼ਕਿਲ ਹੋ ਜਾਂਦਾ ਹੈ ($1200^0C$) ਮੁੜ ਇਨ੍ਹਾਂ ਗੋਲਿਆਂ ਨੂੰ ਠੰਡਾ ਹੋਣ ਦਿਤਾ ਜਾਂਦਾ ਹੈ। ਇਸ ਸਮੇਂ ਜਿਪਸਮ ਅਤੇ ਇਕ ਅੱਧਾ ਹੋਰ ਰਸਾਇਣਕ ਪਦਾਰਥ ਵੀ ਇਨ੍ਹਾਂ ਗੋਲਿਆਂ ਵਿਚ ਧੂੜ ਕੇ, ਚੰਗੀ ਤਰ੍ਹਾਂ ਪੀਹ ਦਿੱਤਾ ਜਾਂਦਾ ਹੈ। ਫਿਰ ਬੋਰੀਆਂ ਵਿਚ ਬੰਦ ਹੋ ਕੇ ਸ਼ਹਿਰਾਂ ਵਿਚ ਜਾਂਦਾ ਹੈ। ਸੀਮੈਂਟ ਬਨਾਉਣ ਖਾਤਰ ਕੋਈ ਖਾਸ ਸੂਖ਼ਸ਼ਮ ਮਸ਼ੀਨਰੀ ਦੀ ਲੋੜ ਨਹੀਂ ਹੁੰਦੀ ਨਾ ਹੀ ਕੋਈ ਖਾਸ ਟੈਕਨੀਕਲ ਮਾਹਿਰਾਂ ਦੀ।

## ਸੀਮੈਂਟ ਦਾ ਜਨਮ :

ਸਾਡੇ ਦੇਸ਼ ਵਿਚ ਸੀਮੈਂਟ ਦਾ ਇਤਿਹਾਸ ਕੋਈ 70 ਸਾਲ ਪੁਰਾਣਾ ਹੈ। ਸਭ ਤੋਂ ਪਹਿਲਾਂ ਵੱਡੀ ਫੈਕਟਰੀ ਲੰਗੋਟੀ ਵਾਲੇ ਬਾਬੇ ਦੇ ਜਨਮ ਸਥਾਨ (ਪੋਰਬੰਦਰ ਵਿਖੇ) ਸੰਨ 1914 ਵਿਚ ਲੱਗੀ ਸੀ। "ਅੱਜ ਸਾਡੇ ਦੇਸ਼ ਵਿੱਚ 60-62 ਸੀਮੈਂਟ ਫੈਕਟਰੀਆਂ ਹਨ। ਸੀਮੈਂਟ ਉੱਤੇ ਮੁੱਖ ਤੌਰ ਤੇ ਬਿਰਲੇ ਅਤੇ ਡਾਲਮੀਏ ਦਾ ਹੀ ਕੱਬਜ਼ਾ ਹੈ। ਉਨ੍ਹਾਂ ਤੋਂ ਇਲਾਵਾ ਡੀ. ਸੀ. ਐਮ., ਜੇ. ਕੇ. ਸਨਥੈਟਿਕਸ, ਲਾਰਸਨ ਐਂਡ ਟੂਬਰੋ, ਰੇਮੰਡ, ਹਿੰਦੁਸਤਾਨ ਸ਼ੂਗਰਜ਼, ਵਰਗਿਆਂ ਸਰਮਾਏਦਾਰਾਂ ਦੇ ਵਡੇ ਵਡੇ ਕਾਰਖਾਨੇ ਹਨ।" ਮਮੂਲੀ ਮਾਤਰਾ ਵਿਚ ਕੇਂਦਰੀ ਸਰਕਾਰ ਦਾ ਅਦਾਰਾ— ਸੀਮੈਂਟ ਕਾਰਪੋਰੇਸ਼ਨ ਆਫ ਇੰਡੀਆ' ਵੀ ਸੀਮੈਂਟ ਬਣਾਉਂਦਾ ਹੈ। ਅਜਾਰੇਦਾਰਾਂ ਨੇ ਏ. ਸੀ. ਸੀ. (Associated Cement Corporation) ਨਾਉਂ ਦੀ ਕੰਪਨੀ ਬਣਾਈ ਹੋਈ ਹੈ। ਕੁਲ ਮਾਤਰਾ ਦਾ ਇਕ-ਤਿਹਾਈ ਇਹੋ ਇਕੋ ਕੰਪਨੀ ਹੀ ਸੀਮੈਂਟ ਵੇਚਦੀ ਹੈ। ਇਸੇ ਇਕੱਲੇ ਕੰਪਨੀ ਰਾਹੀਂ ਕੋਈ 7,00,00,000 ਬੋਰੀਆਂ ਦੀ ਵਿਕਰੀ ਪਿਛਲੇ ਸਾਲ ਹੋਈ ਹੈ!!!

ਸੂਰਜਪੁਰ (ਹਿਮਾਚਲ), ਸਵਾਏ ਮਾਧੋਪੁਰ, ਉਦੇਪੁਰ (ਰਾਜਸਥਾਨ) ਦਾਦਰੀ (ਹਰਿਆਣਾ) ਤੋਂ ਇਲਾਵਾ ਮੈਸੂਰ, ਆਂਧਰਾਂ ਅਤੇ ਮਦਰਾਸ ਵਿਖੇ ਵੱਡੀਆਂ ਵੱਡੀਆਂ ਸੀਮੈਂਟ ਫੈਕਟਰੀਆਂ ਹਨ।

## ਸੀਮੈਂਟ ਦੀ ਪੈਦਾਵਾਰ ਅਤੇ ਖਪਤ :

ਆਜ਼ਾਦੀ ਤੋਂ ਮਗਰੋਂ, ਬੇਸ਼ੱਕ, ਸੀਮੈਂਟ ਦੀ ਪੈਦਾਵਾਰ ਵਿਚ ਦਸ ਗੁਣਾਂ ਤੋਂ ਵੀ ਵਧ ਦਾ ਵਾਧਾ ਹੋਇਆ ਹੈ ਮਗਰ ਹੋਟਲਾਂ-ਮੋਟਲਾਂ, ਰੈਸਟ ਹਾਊਸਾਂ, ਗੈਸਟ ਹਾਊਸਾਂ, ਬੰਗਲਿਆਂ ਤੇ ਹੀ ਐਨਾ ਸੀਮੈਂਟ ਸਾਡੀ ਸਰਕਾਰ, ਥੱਪਦੀ ਜਾ ਰਹੀ ਹੈ ਕਿ ਨੱਥੂ ਨੂੰ ਬਨੇਰਾ ਮੁਰੰਮਤ ਕਰਨ ਖਾਤਰ ਵੀ ਦੋ ਬੋਰੀਆਂ ਨਹੀਂ ਹਨ ਲਭਦੀਆਂ...? ਲੇਖਕ ਤਿੰਨ ਸਾਲ ਤੋਂ ਤਿੰਨ ਥੈਲਿਆਂ ਦੀ ਇੰਤਜ਼ਾਰ ਕਰਦਾ ਆ ਰਿਹਾ ਸੀ, ਕਿ ਥੈਲੇ ਮਿਲਨ ਤੇ ਖੁਰਾ ਪੱਕਾ ਕਰਾਈਏ...ਥੈਲੇ ਮਿਲਨ ਤੇ ਖੁਰੇ ਵਿਚ ਪਲੱਸਤਰ ਕਰਾਈਏ...ਲੇਖਕ ਨੇ ਤਾਏ ਦੇ ਚੂਨੇ ਤੇ ਤਾਂ ਪਲੱਸਤਰ ਕਰਵਾ ਲਿਆ। ਮਗਰ ਖੁਰੇ ਖਾਤਰ ਸੀਮੈਂਟ ਬਲੈਕ ਵਿਚ ਨਾ ਲਿਆ ਅਤੇ ਹੁਣ-ਜਦੋਂ ਸਰਕਾਰ ਨੇ ਬਲੈਕ ਮਾਰਕੀਟਿੰਗ ਦਾ ਹੀ ਰਾਸ਼ਟਰੀਕਰਨ ਕਰ ਦਿਤਾ ਤਾਂ ਲੇਖਕ ਦੇ ਅਦਰਸ਼ਵਾਦ ਵਾਲਾ ਭਰਮ ਵੀ...। ਖੈਰ ! ਜਨ ਸਧਾਰਣ ਲਈ ਬੇਸ਼ੱਕ 'ਸੀਮੈਂਟ ਦੇਵਤਾ' ਦੇ ਦਰਸ਼ਣ ਵੀ ਦੁਰਲਭ ਹੋ ਗਏ ਹਨ ਮਗਰ ਦੇਸ਼ ਵਿਚ ਚੋਖੀ ਮਾਤਰਾ ਵਿਚ ਸੀਮੈਂਟ ਪੈਦਾ ਹੋ ਰਿਹਾ ਹੈ ਜੋ ਹੇਠ ਲਿਖਿਆਂ ਅੰਕੜਿਆਂ ਤੋਂ ਵੀ ਪ੍ਰਤੱਖ ਹੋ ਜਾਵੇਗਾ :—

ਸੰਨ 1950-51, ਪੈਦਾਵਾਰ—ਸਾਢੇ 5 ਕਰੋੜ ਬੋਰੀਆਂ।

ਸੰਨ 1982-83, ਪੈਦਾਵਾਰ—55 ਕਰੋੜ ਬੋਰੀਆਂ।

ਇਹ ਪੈਦਾਵਾਰ ਹੋਰ ਵੀ ਵਧ ਸਕਦੀ ਸੀ ਜੇਕਰ ਸੀਮੈਂਟ ਇੰਡਸਟਰੀ ਆਪਣੀ ਪੂਰੀ ਸਮਰਥਾ ਦਾ ਇਸਤੇਮਾਲ ਕਰਦੀ। ਸੀਮੈਂਟ ਦਾ ਭਾਅ ਵਧਾਉਣ ਲਈ ਅਤੇ ਇਸ ਨੂੰ ਕਾਲੇ ਬਾਜ਼ਾਰੀ ਦਾ ਇਕ ਜਿਨਸ ਬਨਾਉਣ ਲਈ ਅਜ਼ਾਰੇਦਾਰੀ ਖਾਸੇ ਵਾਲੀ ਸੀਮੈਂਟ ਇੰਡਸਟਰੀ ਨੇ ਜਾਣ ਬੁਝਕੇ ਆਪਣੀ ਪੈਦਾਵਾਰ ਵਿਚ ਕਮੀ ਕਰ ਦਿਤੀ, ਜਿਹੜੀ ਕਿ ਹੇਠਲੇ ਟੇਬਲ ਤੋਂ ਬਿਲਕੁਲ ਸਪਸ਼ਟ ਹੈ।

## ਸੀਮੈਂਟ ਦੀ ਕਮੀ—ਸਮੱਰਥਾ ਅਤੇ ਅਸਲ ਪੈਦਾਵਾਰ :

| ਸਾਲ | ਕੁਲ ਪੈਦਾਵਾਰ ਕਰਨ ਦੀ ਸਮਰਥਾ<br>Total Capacity | ਅਸਲ ਪੈਦਾਵਾਰ<br>Actual Production | ਪ੍ਰਤੀਸ਼ਤ<br>ਪੈਦਾਵਾਰ |
|---|---|---|---|
| 1977-78 | 44 ਕਰੋੜ ਬੋਰੀਆਂ | $38\frac{1}{2}$ | 88% |
| 1978-79 | 45 ਕਰੋੜ ਬੋਰੀਆਂ | $38\frac{1}{2}$ | 86% |
| 1979-80 | $48\frac{1}{2}$ ਕਰੋੜ ਬੋਰੀਆਂ | 35 | 73% |
| 1980-81 | 56 ਕਰੋੜ ਬੋਰੀਆਂ | 37 | 66% |

## ਅਜਾਰੇਦਾਰੀ ਦੀ ਸਾਜਿਸ਼ :

ਉਪਰਲੇ ਟੇਬਲ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਅਜਾਰੇਦਾਰੀ ਨੇ ਜਾਣ ਬੁਝ ਕੇ 1979-81 ਦੇ ਦੋ ਸਾਲਾਂ ਦੌਰਾਨ ਘਟ ਸੀਮੈਂਟ ਪੈਦਾ ਕੀਤਾ। ਸੰਨ 1977-78 ਵਿਚ ਜਦੋਂ ਕਾਰਖਾਨਿਆਂ ਦੀ ਕੁਲ ਸਮੱਰਥਾ ਦੇ 88% ਦਾ ਇਸਤੇਮਾਲ ਕੀਤਾ ਜਾ ਰਿਹਾ ਸੀ, ਸੰਨ 1980-81 ਵਿਚ ਕਪੈਸਿਟੀ ਦੀ ਕੇਵਲ 66% ਵਰਤੋਂ ਕੀਤੀ ਗਈ। ਚਾਹੀਦਾ ਸੀ ਕਿ ਕਾਰਖਾਨਿਆਂ ਸਮੱਰਥਾ ਦਾ ਵਧ ਤੋਂ ਵਧ ਫਾਇਦਾ ਉਠਾਇਆ ਜਾਂਦਾ ਭਾਵ 87-88% ਦੀ ਜਗ੍ਹਾ 97-98% ਪ੍ਰੋਡਕਸ਼ਨ ਕੀਤੀ ਜਾਂਦੀ ਪਰ ਬਿਰਲੇ-ਡਾਲਮੀਏ ਨੇ ਪਹਿਲਾਂ ਨਾਲੋਂ ਵੀ ਪ੍ਰੋਡਕਸ਼ਨ ਘਟਾ ਦਿਤੀ ਤੇ ਸਦਕੇ ਜਾਈਏ ਦਸ ਲੱਖੀ ਫੌਜ—ਅੱਠ ਲੱਖੀ ਪੁਲੀਸ ਵਾਲੀ ਸਰਕਾਰ ਦੇ ਜੋ ਮਿੱਟੀ ਦਾ ਮਾਧੋ ਬਣ ਕੇ ਇਹ ਸਭ ਵੇਖਦੀ ਰਹੀ... ...।

## ਦੂਜਾ ਕਾਰਨ :

ਸੀਮੈਂਟ ਦੀ ਬੇਹਿਸਾਬੀ ਬਲੈਕ ਦਾ ਦੂਜਾ ਮੁੱਖ ਕਾਰਣ, ਦੇਸ਼ ਵਿਚ ਭਾਰੀ ਮਾਤਰਾ ਵਿਚ ਬਲੈਕ ਮਨੀ ਦਾ ਹੋਣਾ ਹੈ। ਅੱਜ ਸਾਡੇ ਦੇਸ਼ ਵਿਚ 42 ਕਰੋੜ ਰੁਜ਼ਾਨਾਂ ਜਾਂ 15000 ਕਰੋੜ ਸਲਾਨਾ ਤੋਂ ਵੀ ਵਧ ਮਾਤਰਾ ਵਿਚ ਕਾਲਾ ਧਨ ਹਰ ਸਾਲ ਪੈਦਾ ਹੋ ਰਿਹਾ ਹੈ (ਐਨ. ਏ. ਪਾਲਕੀ ਵਾਲਾ ਮੁਤਾਬਕ)... ... ...। ਕੇਵਲ ਪੰਝੀਆਂ ਦਿਨਾਂ ਦੇ ਕਾਲੇ ਧਨ ਨਾਲ ਤਮਾਮ ਸੀਮੈਂਟ ਰਾਤੋ ਰਾਤ ਅੰਡਰ ਗਰਾਊਂਡ ਕੀਤਾ ਜਾ ਸਕਦਾ ਹੈ। ਬਾਦ ਵਿਚ ਧਨਾਢ ਸ਼ਾਹੂਕਾਰਾਂ ਦੀ ਮਰਜ਼ੀ ਭਾਵੇਂ ਤੀਹਾਂ ਵਾਲੀ ਬੋਰੀ ਸੱਠਾਂ ਦੀ ਵੇਚਣ ਜਾਂ ਇਕ ਸੌ ਵੀਹਾਂ ਦੀ? ਬੰਬਈ ਵਿਚ ਸੀਮੈਂਟ ਦੀ ਬੋਰੀ 114-115 ਰੁਪਏ ਦੇ ਹਿਸਾਬ ਨਾਲ ਵਿਕਦੀ ਰਹੀ।

## ਸੀਮੈਂਟ ਦੀ ਪੈਦਾਵਾਰ ਘੱਟ ਹੋਣ ਦੇ ਬਹਾਨੇ :

ਅਜ਼ਾਰੇਦਾਰੀ ਵਲੋਂ ਸੀਮੈਂਟ ਪੈਦਾਵਾਰ ਘੱਟ ਕਰਨ ਦੇ ਵਡੇ ਬਹਾਨੇ ਲਗਾਏ ਜਾਂਦੇ ਹਨ :

(ੳ) ਬਿਜਲੀ ਦੀ ਕਮੀ।

(ਅ) ਕੋਲੇ ਦੀ ਕਮੀ।

ਪਰ ਸਰਮਾਏਦਾਰੀ ਦੇ ਆਪਣੇ ਅੰਕੜੇ ਇਹਨਾਂ ਦੋਹਾਂ ਬਹਾਨਿਆਂ ਨੂੰ ਝੂਠਾ ਸਿਧ ਕਰ ਦਿੰਦੇ ਹਨ। ਇੰਡੀਆ 1980 (ਸਫ਼ਾ 278) ਦੇ ਹਵਾਲੇ ਨਾਲ ਇਹ ਅੰਕੜੇ ਹੇਠਾਂ ਦਿਤੇ ਜਾਂਦੇ ਹਨ :

| (ੳ) ਬਿਜਲੀ ਪੈਦਾਵਾਰ | | (ਅ) ਕੋਲੇ ਦੀ ਪੈਦਾਵਾਰ : | |
|---|---|---|---|
| ਸਾਲ | ਬਿਲੀਅਨ ਯੂਨਿਟਾਂ ਵਿਚ | ਸਾਲ | ਕਰੋੜ ਕਵਿੰਟਲ |
| 1977–78 | 92 | 1977–78 | 100 |
| 1978–79 | 103 | 1978–79 | 106 |
| 1979–80 | 105 | 1979–80 | 110 |
| 1980–81 | 112 | 1980–81 | 115 |

ਨੋਟ :—ਇਥੇ ਇਹ ਯਾਦ ਰਖਿਆ ਜਾਏ ਕਿ ਤਿੰਨਾਂ ਚੀਜ਼ਾਂ ਵਿਚ ਰਿਕਾਰਡ ਤੋੜ ਪ੍ਰੋਡਕਸ਼ਨ ਹੋਈ ਹੈ—ਖੰਡ, ਕਣਕ ਅਤੇ ਕੋਲਾ ਮਗਰ ਤਿੰਨੇ ਹੀ ਚੀਜ਼ਾਂ ਦੀ ਪਿਛਲੇ ਤਿੰਨ ਸਾਲਾਂ ਦੁਰਾਨ ਸਭ ਤੋਂ ਵਧ ਬਲੈਕ ਹੋਈ।

## ਅਜਾਰੇਦਾਰੀ—ਮਹਾਂ ਝੂਠੀ :

ਭਾਵੇਂ ਬਿਰਲੇ ਨੇ ਦਿੱਲੀ ਵਿਖੇ, ਡਾਲਮੀਏ ਨੇ ਮਥੁਰਾ ਵਿਖੇ (ਸ੍ਰੀ ਕਰਿਸ਼ਣ ਦੀ ਜਨਮ-ਭੂਮੀ) ਵੱਡੇ ਵੱਡੇ ਮੰਦਰ ਉਸਾਰੇ ਹਨ ਅਤੇ ਜਨ ਸਧਾਰਣ ਉਨ੍ਹਾਂ ਦੀ ਧਾਰਮਕਤਾ ਦੀ ਤਾਰੀਫ਼ ਕਰਦਾ ਬੁਲ੍ਹ ਸੁਕਾ ਲੈਂਦਾ ਹੈ ਪਰ ਸੱਚਾਈ ਇਹ ਹੈ ਭਾਰਤ ਦੀ ਅਜਾਰੇਦਾਰੀ ਅੱਤ ਦਰਜੇ ਦੀ ਜ਼ਾਲਮ, ਅਕ੍ਰਿਤਘਣ ਅਤੇ ਝੂਠੀ ਹੈ। ਕੋਈ ਇਨ੍ਹਾਂ ਨੂੰ ਪੁੱਛੇ ਕਿ ਅਗਰ ਪਿਛਲੇ ਤਿੰਨ ਸਾਲਾਂ ਵਿਚ ਕੋਲੇ ਅਤੇ ਬਿਜਲੀ ਦੀ ਕਮੀ ਰਹੀ ਸੀ ਤਾਂ ਇਸ ਸਾਲ ਕਿਹੜਾ ਭਾਖੜਾ ਡੈਮ ਹੋਰ ਬਣ ਗਿਆ ਹੈ ਕਿ ਪ੍ਰੋਡਕਸ਼ਨ ਯਕਦਮ ਡਿਉਢੀ ਹੋ ਗਈ...?

| ਸਾਲ | ਪੈਦਾਵਾਰ |
|---|---|
| 1980–81 | 37 ਕਰੋੜ ਥੈਲੇ |
| 1982–83 | 54 ਕਰੋੜ ਥੈਲੇ |

ਨੋਟ :—1982–83 ਦੁਰਾਨ 1980–81 ਨਾਲੋਂ ਡਿਉਢੀ ਪ੍ਰੋਡਕਸ਼ਨ ਹੋ ਰਹੀ ਹੈ। ਕਾਰਣ ਸਪੱਸ਼ਟ ਹੈ—ਸਰਮਾਏਦਾਰੀ ਨੂੰ ਇਕ-ਤਿਹਾਈ ਸੀਮੈਂਟ 37 ਦੀ ਜਗ੍ਹਾ 67 ਰੁਪਏ ਦੇ ਹਿਸਾਬ ਵੇਚਣ ਦੀ ਇਜਾਜ਼ਤ ਮਿਲ ਗਈ ਹੈ।

## ਅਜਾਰੇਦਾਰੀ ਦੀ ਬਦਨੀਯਤ

ਇਹ ਬਦਨੀਯਤ ਤਾਂ ਪਹਿਲੇ ਦਿਤੇ ਹੋਏ 'ਸਮਰਥਾ ਅਤੇ ਅਸਲ ਪੈਦਾਵਾਰ' ਦੇ ਟੇਬਲ ਤੋਂ ਹੀ ਜ਼ਾਹਿਰ ਹੋ ਜਾਂਦੀ ਹੈ ਜਦੋਂ ਕਿ ਜਾਨ ਬੁਝ ਕੇ ਸਮਰਥਾ ਨਾਲੋਂ ਘੱਟ ਪੈਦਾਵਾਰ ਕੀਤੀ ਗਈ। ਸਰਕਾਰ ਉਤੇ ਦਬਾਅ ਪਾ ਕੇ ਜਦੋਂ ਸੀਮੈਂਟ ਨੂੰ ਖੁਲੀ ਮਾਰਕੀਟ ਵਿਚ ਵੇਚਣ ਦੀ ਖੁਲ ਲੈ ਲਈ ਹੈ ਤਾਂ ਇਹ ਪ੍ਰੋਡਕਸ਼ਨ ਇਕੋ ਸਾਲ ਵਿਚ 37 ਕ੍ਰੋੜ ਥੈਲਿਆਂ ਤੋਂ 54 ਕ੍ਰੋੜ ਥੈਲੇ ਹੋ ਗਈ ਹੈ, ਕੰਟਰੋਲ ਸੀਮੈਂਟ ਅਤੇ ਖੁਲ੍ਹੀ ਮਾਰਕੀਟ ਵਾਲੇ ਸੀਮੈਂਟ ਦਾ ਫਰਕ 34 ਰੁਪਏ ਪ੍ਰਤੀ ਬੋਰੀ ਹੈ। ਅਜਾਰੇਦਾਰੀ ਨੂੰ ਜਿਹੜੀ ਇਹ ਰਿਐਤ ਦਿਤੀ ਗਈ ਹੈ ਇਸ ਦਾ ਸਿਧਾ ਬੋਝ ਜੰਤਾ ਉਤੇ ਹੀ ਪਿਆ ਹੈ।

## ਜੰਤਾ ਉਪਰ ਬੋਝ

ਬਹੁਤ ਦੂਰ ਨਾ ਜਾਂਦਿਆਂ ਹੋਇਆਂ, ਆਉ ਵੇਖੀਏ ਕਿ ਤਿੰਨ ਸਾਲਾਂ ਦੌਰਾਨ ਹੀ ਜੰਤਾ ਉਪਰ ਕਿੰਨਾ 2 ਟੈਕਸ ਲਗਾ ਦਿਤਾ ਗਿਆ ਹੈ :—

ਸੀਮੈਂਟ ਦੇ ਦੋਨਾਂ ਭਾਵਾਂ ਵਿਚ 34 ਰੁਪਏ ਪ੍ਰਤੀ ਬੋਰੀ ਦਾ ਫਰਕ ਹੈ ? ਆਉਣ ਵਾਲੇ ਸਮੇਂ ਵਿਚ ਸੀਮੈਂਟ ਦੀ ਪ੍ਰੋਡਕਸ਼ਨ ਕੁਝ ਐਂਜ ਹੋਵੇਗੀ :—

| ਸਾਲ | ਕੁਲ ਪੈਦਾਵਾਰ ਕ੍ਰੋੜ ਥੈਲੇ |
|---|---|
| 1982-83 | 54 |
| 1983-84 | 65 |
| 1984-85 | 81 |
| ਕੁਲ ਜੋੜ | 200 ਕ੍ਰੋੜ ਥੈਲੇ |

ਇਸ ਵਿਚੋਂ ਤੀਸਰੇ ਹਿੱਸੇ ਦੇ ਲਗਪਗ (67 ਕਰੋੜ ਥੈਲੇ) ਦੁਗਣੇ ਰੇਟ ਉਪਰ, 'ਗਰੀਬਾਂ ਦੀ ਖਾਨਦਾਨੀ ਹਮਦਰਦ' ਸਰਕਾਰ ਨੇ, ਅਜਾਰੇਦਾਰੀ ਨੂੰ ਵੇਚਣ ਦੀ ਇਜਾਜ਼ਤ ਦੇ ਦਿਤੀ ਹੈ। ਇਸ ਤਰ੍ਹਾਂ ਅਜਾਰੇਦਾਰੀ ਦੀ ਵਿਕਰੀ ਵਿਚ 60 × 30 = 2011 ਕਰੋੜ ਦਾ ਵਾਧਾ ਜ਼ਰੂਰ ਹੋਵੇਗਾ ਜਾਂ ਇੰਜ ਕਹਿ ਲਉ ਕੋਈ 20 ਅਰਬ ਦੇ ਕਰੀਬ ਦੇ ਹੋਰ ਟੈਕਸ ਜੰਤਾ ਉਪਰ ਠੋਸ ਦਿਤੇ ਗਏ ਹਨ। "ਦੋ ਭਾਖੜਾ ਡੈਮਾਂ ਜੋਗਾ ਭਾਰ ਹੋਰ ਜੰਤਾ ਤੇ ਪਾ ਦਿਤਾ ਗਿਆ ਹੈ—ਜੰਤਾ ਦੀ 'ਬਰਦਾਸ਼ਤ ਦੀ ਹੱਦ' ਨਾ ਜਾਣੇ ਕਦੋਂ ਟੁਟੇਗੀ ?" ਫਿਲਹਾਲ ਤਾਂ ਨੱਥੂ ਤੋਂ ਲੈ ਕੇ (ਜਿਸ ਕਦੇ ਸੀਮੈਂਟ ਖਰੀਦਣਾ ਹੀ ਨਹੀਂ) ਸ੍ਰੀ ਰੁਲਦੂ ਰਾਮ ਪ੍ਰੋਫੈਸਰ ਆਫ ਇਕਨੌਮਿਕਸ ਤੀਕ ਸਭ ਖੁਸ਼ ਹਨ ਕਿ ਸੀਮੈਂਟ ਮਿਲਣ ਤਾਂ ਲਗ ਪਿਆ—ਭਈ ਸੀਮੈਂਟ ਮਿਲਣ ਲਗ ਪਿਆ—ਇਹ ਕੋਈ ਨਹੀਂ ਹੈ ਸੋਚ ਰਿਹਾ ਕਿ ਸਰਕਾਰ ਜੁੱਤੀਆਂ ਤੇ ਜੁੱਤੀਆਂ ਮਾਰੀ ਜਾ ਰਹੀ ਹੈ—ਟੈਕਸ ਤੇ ਟੈਕਸ ਲਗਾਈ ਤੁਰੀ ਜਾ ਰਹੀ ਹੈ ਤੇ ਨਾਲ 2 ਗਾਣਾ ਗਾਂਈ ਜਾ ਰਹੀ ਹੈ 'ਗਰੀਬੀ ਹਟਾਉ' ਭਈ ਗਰੀਬੀ ਹਟਾਉ, ਗਰੀਬੀ ਹਟਾਉ ਭਈ ਗਰੀਬੀ ਹਟਾਉ.........।

## ਸੀਮੈਂਟ ਦੀ ਦਰਾਮਦ (IMPORT)

ਪਿਛਲੇ ਦਿਨੀਂ ਸੀਮੈਂਟ ਬਾਹਰੋਂ ਮੰਗਵਾਉਣ ਦੀ ਚਰਚਾ ਵੀ ਬੜੇ ਜ਼ੋਰ ਸ਼ੋਰ ਨਾਲ ਹੋ ਰਹੀ ਸੀ। ਅਸਲ ਵਿਚ ਮਮੂਲੀ ਮਾਤਰਾ ਵਿਚ ਸੀਮੈਂਟ ਹੀ ਬਾਹਰੋਂ ਮੰਗਵਾਇਆ ਗਿਆ ਹੈ

| ਸਾਲ | ਘਰੇਲੂ ਉਪਜ | ਬਾਹਰੋਂ ਮੰਗਵਾਇਆ | ਪ੍ਰਤੀਸ਼ਤ |
|---|---|---|---|
| 1977-78 | $38\frac{1}{2}$ | $\frac{1}{2}$ | $1\frac{1}{2}\%$ |
| 1978-79 | $38\frac{1}{2}$ | $3\frac{1}{4}$ | 8% |
| 1979-80 | 35 | 3 | 8% |
| 1980-81 | 37 | 4 | 10% |
| 1981-82 | 44 | 4 | 8% |
| 1982-83 | 54 | 4 | 7% |
| | | | ਔਸਤ = 7% |

ਉਪਰੋਕਤ ਟੇਬਲ ਤੋਂ ਅਸੀਂ ਅਸੀਂ ਵੇਖਦੇ ਹਾਂ ਕਿ ਬਾਹਰੋਂ ਮੰਗਵਾਇਆ ਗਿਆ ਸੀਮੈਂਟ 7% ਦੇ ਕਰੀਬ ਬੈਠਦਾ ਹੈ। ਤੁਹਾਡਾ ਕੀ ਖਿਆਲ ਹੈ। ਅਗਰ ਥੋੜੀ ਜਿਹੀ ਵੀ ਕਿਰਸ ਹੋਰ ਕੀਤੀ ਜਾਂਦੀ ਤਾਂ ਕੀ ਸੀਮੈਂਟ ਬਾਹਰੋਂ ਮੰਗਵਾਉਣ ਤੋਂ ਬਚਿਆ ਨਹੀਂ ਸੀ ਜਾ ਸਕਦਾ.........?? ਤੁਹਾਡੇ ਲਈ ਤਾਂ ਸੀਮੈਂਟ ਵਰਤਣ ਤੇ ਇਕ ਕਿਸਮ ਦੀ ਪਬੰਦੀ ਹੀ ਲਗੀ ਰਹੀ-ਸੀ।

ਮਗਰ ਪੰਜ ਸਟਾਰ ਹੋਟਲਾਂ ਬਨਾਉਣ ਵਾਲਿਆਂ ਤੇ, ਦਸ ਦਸ—ਵੀਹ ਵੀਹ ਮੰਜ਼ਲੀ ਇਮਾਰਤਾਂ ਬਨਾਉਣ ਵਾਲਿਆਂ ਉੱਪਰ ਕੋਈ ਪਾਬੰਦੀ ਨਹੀਂ ਸੀ ਲਗੀ। ਜਿੰਨੀ ਸਪੀਡ ਨਾਲ ਅਜ ਵਡੇ ਵਡੇ ਸ਼ਹਿਰਾਂ ਵਿਚ ਧੰਨ-ਕੁਬੇਰ ਹੋਟਲ/ਬੰਗਲੇ/ਬਹੁ-ਮੰਜ਼ਲੀ ਦਫਤਰ/ਇਮਾਰਤਾਂ ਉਸਾਰ ਰਹੇ ਹਨ, ਉਨੀ ਸਪੀਡ ਨਾਲ ਕਿਸੇ ਵੀ ਹੋਰ ਪਛੜੇ ਦੇਸ਼ ਵਿਚ ਸੀਮੈਂਟ ਦੀ ਬਰਬਾਦੀ ਨਹੀਂ ਹੈ ਕੀਤੀ ਜਾ ਰਹੀ।

## ਬਾਹਰੋਂ ਸੀਮੈਂਟ ਕੀ ਭਾ ਆਉਂਦਾ ਹੈ...?

ਬਦੇਸ਼ਾਂ ਵਿਚੋਂ ਸੀਮੈਂਟ ਮੰਗਵਾਉਣਾ ਬਹੁਤ ਹੀ ਮਹਿੰਗਾ ਪੈਂਦਾ ਹੈ। ਇਕ ਤਾਂ ਇਸ ਦੀ ਖਾਤਰ ਕੀਮਤੀ ਚੀਜ਼ਾਂ ਦੀ ਕੁਰਬਾਨੀ ਕਰਨੀ ਪੈਂਦੀ ਹੈ ਜਿਵੇਂ—ਅੰਬ, ਅੰਗੂਰ, ਟਮਾਟਰ, ਪਿਆਜ਼, ਦੁਧ-ਘਿਉ, ਬੂਟ-ਸੂਟ, ਚਾਂਦੀ-ਸੋਨਾ, ਆਦਿ ਬਾਹਰ ਭੇਜਣੇ ਪੈਂਦੇ ਹਨ, ਦੂਜਾ ਇਹ 1100 ਰੁਪਏ ਟਨ ਭਾਵ 55 ਰੁਪਏ ਬੋਰੀ ਤੋਂ ਘੱਟ ਰੇਟ ਤੇ ਨਹੀਂ ਹੈ ਪੈਂਦਾ। ਲਗਪਗ ਦੁਗਣੀ ਕੀਮਤ ਉੱਪਰ। "ਇਥੇ ਇਹ ਯਾਦ ਰਖਿਆ ਜਾਏ ਕਿ ਘਰੇਲੂ ਸੀਮੈਂਟ 25 ਰੁਪਏ ਬੋਰੀ

ਤੋਂ ਵੀ ਘੱਟ ਰੇਟ ਤੇ ਪੈਂਦਾ ਹੈ''—ਇਹ ਵੱਖਰੀ ਗੱਲ ਹੈ ਕਿ ਤੁਹਾਨੂੰ 75 ਰੁਪਏ ਮਿਲੇਗਾ। ਆਖਿਰ ਸਰਮਾਏਦਾਰੀ ਨੇ ਵੀ ਤਾਂ ਤੁਹਾਡੇ ਸਿਰ ਤੇ ਹੀ ਐਸ਼-ਇਸ਼ਰਤ ਕਰਨੀ ਹੈ—ਧਰਿੰਦਰ ਬ੍ਰਹਮਚਾਰੀ ਵੀ ਤਾਂ ਤੁਹਾਡੀ ਬਦੌਲਤ ਹੀ ਜਹਾਜ਼ ਉੜਾਂਦੇ ਹਨ ..?

ਨੋਟ—ਅਸਲ ਵਿਚ ਬਾਹਰੋਂ ਸੀਮੈਂਟ ਮੰਗਵਾਉਣ ਦੀ ਉੱਕਾ ਹੀ ਕੋਈ ਲੋੜ ਨਹੀਂ ਸੀ ਪੈਣੀ ਅਗਰ ਪਬਲਿਕ ਸੈਕਟਰ ਵਿਚ ਦੋ ਕਾਰਖਾਨੇ ਟਾਈਮ ਸਿਰ ਲਗਾ ਦਿਤੇ ਜਾਂਦੇ। ਤਿੰਨ ਕਰੋੜ ਬੋਰੀਆਂ ਸਾਲਾਨਾ ਪੈਦਾ ਕਰਨ ਦੀ ਸਮੱਰਥਾ ਰੱਖਣ ਵਾਲੇ ਦੋ ਵੱਡੇ ਸਲੈਗ-ਸੀਮੈਂਟ ਪਲਾਟਾਂ ਲਈ ਦਿਤੀਆਂ ਅਰਜ਼ੀਆਂ ਚਾਰ ਸਾਲ ਤੀਕ ਕੇਂਦਰੀ ਸੈਕਟਰੀਏਟ ਦੀਆਂ ਅਲਮਾਰੀਆਂ ਵਿਚ ਹੀ ਰੁਲਦੀਆਂ ਰਹੀਆਂ ਵਰਨਾ ਅਜਾਰੇਦਾਰੀ ਦੁਆਰਾ ਬਦਮਾਸ਼ੀ ਕਰਨ ਦੇ ਬਾਵਜੂਦ (ਪ੍ਰੋਡਕਸ਼ਨ ਘਟਾਉਣ) ਸੀਮੈਂਟ ਦੀ ਐਨੀ ਦਿਕਤ ਨਹੀਂ ਸੀ ਆਉਣੀ। ਇਨ੍ਹਾਂ ਪਲਾਟਾਂ ਨੂੰ 13-2-82 ਨੂੰ ਬਨਾਉਣ ਦੀ ਇਜਾਜ਼ਤ ਮਿਲੀ।

## ਸੀਮੈਂਟ ਦੀਆਂ ਕੀਮਤਾਂ ਕਿਵੇਂ ਫਿਕਸ ਕੀਤੀਆਂ ਗਈਆਂ ਹਨ...?

ਪੁਰਾਣੀਆਂ ਕੀਮਤਾਂ ਇਸ ਪ੍ਰਕਾਰ ਸਨ। ਪਹਿਲਾਂ ਚਾਰ ਭਾਅ ਹੁੰਦੇ ਸਨ :—

| ਕਾਰਖਾਨਾ | ਕੀਮਤ |
|---|---|
| ਵਡੇ ਆਟੋਮੈਟਿਕ ਪਲਾਂਟ ਲਈ (Low Cost Unit) | 233 ਰੁਪਏ ਪ੍ਰਤੀ ਟਨ |
| ਦਰਮਿਆਨੇ ਪਲਾਂਟ ਲਈ (Medium Cost) | 253 ਰੁਪਏ ਪ੍ਰਤੀ ਟਨ |
| ਮਿਨੀ ਪਲਾਂਟਾਂ ਲਈ (High Cost) | 268 ਰੁਪਏ ਪ੍ਰਤੀ ਟਨ |
| ਨਵੇ ਕਾਰਖਾਨਿਆਂ ਲਈ (New units) | 344 ਰੁਪਏ ਪ੍ਰਤੀ ਟਨ |

ਇਹ ਕੀਮਤ ਕਰਮਵਾਰ $11\frac{1}{2}$, $12\frac{1}{2}$, $13\frac{1}{2}$, $17\frac{1}{4}$ ਰੁਪਏ ਬੋਰੀ ਬੈਠਦੀ ਸੀ !!

ਨੋਟ—ਇਕ ਟਨ ਵਿਚ 20 ਬੋਰੀਆਂ ਸੀਮੈਂਟ ਹੁੰਦਾ ਹੈ।

## ਨਵੀਂ ਕੀਮਤ ਇਸ ਪ੍ਰਕਾਰ ਹੈ :

ਹੁਣ ਹਰ ਪ੍ਰਕਾਰ ਦੇ ਕਾਰਖਾਨਿਆਂ ਲਈ, ਇਕੋ ਦਰ ਫਿਕਸ ਕੀਤੀ ਗਈ ਹੈ :

| | | |
|---|---|---|
| ਸੀਮੈਂਟ ਦੀ ਕੀਮਤ (Retention price) | — | 320 |
| ਵਿਕਰੀ ਅਤੇ ਵੰਡ | — | 4 |
| ਕਿਰਾਇਆ ਭਾੜਾ | — | 92 |
| | ਜੋੜ | 416 |
| | ਪ੍ਰਬੰਧਕੀ ਖ਼ਰਚਾ | 9 |
| | ਕੁਲ ਜੋੜ | 425 ਰੁਪਏ ਪ੍ਰਤੀ ਟਨ |

ਇਹ $21\frac{1}{4}$ ਰੁਪਏ ਬੋਰੀ ਬੈਠਦੀ ਹੈ।

ਰੀਵਾਈਜ਼ਡ (ਦੁਹਰਾਈ) ਕੀਮਤ = 440 ਰੁਪਏ ਪ੍ਰਤੀ ਟਨ ਭਾਵ 22 ਰੁਪਏ ਪ੍ਰਤੀ ਥੈਲਾ ਬਾਕੀ ਇਸਤੇ ਸੈਂਟਰਲ ਸੇਲ ਟੈਕਸ, ਸੇਲ ਟੈਕਸ, ਐਕਸਾਈਜ਼ ਟੈਕਸ ਆਦਿਕ ਵੀ 15 ਰੁਪਏ ਥੈਲਾ ਪੈ ਜਾਂਦਾ ਹੈ !

ਇਸ ਤਰ੍ਹਾਂ ਪਾ ਲਾ ਕੇ ਸੀਮੈਂਟ ਦੀ ਬੋਰੀ ਦਾ ਮੁੱਲ ਗਾਹਕ ਨੂੰ 37 ਰੁਪਏ ਪਵੇਗਾ। ਮਗਰ ਦੋ-ਤਿਹਾਈ ਸਰਕਾਰ ਨੂੰ ਦੇ ਕੇ ਬਾਕੀ ਇਕ-ਤਿਹਾਈ ਸੀਮੈਂਟ, ਅਦਾਰੇਦਾਰੀ, 67 ਰੁਪਏ ਪ੍ਰਤੀ ਬੋਰੀ ਦੇ ਹਿਸਾਬ ਵੇਚ ਸਕਦੀ ਹੈ ! ਹੈ ਕੋਈ ਵਜ੍ਹਾ (justification) ਇਸਦੀ:........? ਸਰਕਾਰ ਨੇ ਬਾਹਰੋਂ ਮੰਗਵਾਉਣ ਵਾਲੇ ਸੀਮੈਂਟ ਤੋਂ ਵੀ ਵਧ ਭਾਅ ਫਿਕਸ ਕੀਤਾ ਹੈ........?

## ਸਰਕਾਰੀ ਵਤੀਰਾ

ਉਂਜ ਤਾਂ ਆਪਣੀ ਸਰਕਾਰ ਦੇ ਜਮਾਤੀ ਖਾਸੇ ਬਾਰੇ ਹੁਣ ਤੀਕ ਕਿਸੇ ਨੂੰ ਵੀ ਭੁਲੇਖਾ ਨਹੀਂ ਹੈ ਰਹਿਣਾ ਚਾਹੀਦਾ ਜਿਸਦੇ ਰਾਜ ਵਿਚ........

(ੳ) ਹਿੰਦੁਸਤਾਨੀ ਜੱਟਾਂ ਕੋਲੋਂ ''ਕ੍ਰਣਕ 135 ਖਰੀਦੀ ਗਈ ਤੇ ਅਮ੍ਰੀਕਨ ਸਰਕਾਰ ਕੋਲੋਂ 220 ਰੁਪਏ—ਠੀਕ ਉਸ ਵਕਤ ਜਦੋਂ ਦੇਸ਼ ਵਿਚ ਰਿਕਾਰਡ ਤੋੜ ਪ੍ਰੋਡਕਸ਼ਨ ਹੋਈ ਸੀ !!

(ਅ) 300 ਰੁਪਏ ਕੁਵਿੰਟਲ ਬਨਣ ਵਾਲੀ ਖੰਡ, ਸ਼ਰੇਆਮ 600 ਰੁਪਏ ਵਿਕ ਰਹੀ ਹੈ। ਇਥੇ ਇਹ ਵੀ ਯਾਦ ਰਖਿਆ ਜਾਏ ਕਿ ਇਸ ਸਾਲ ਡੂਢ ਸਾਲ ਦੇ ਖਾਣ ਜੋਗੀ ਖੰਡ ਹੋਈ ਹੈ (78 ਲੱਖ ਟਨ, ਸਲਾਨਾ ਖੱਪਤ 52 ਲੱਖ ਟਨ)

(ੲ) ਦੋ ਸਾਲ ਪਹਿਲਾਂ 9 ਰੁਪਏ ਕਿਲੋ ਵਿਕਣ ਵਾਲਾ ਘਿਉ, ਅਜ 18 ਰੁਪਏ ਕਿਲੋ ਵਿਕੀ ਜਾ ਰਿਹਾ ਹੈ........?

(ਸ) 22 ਰੁਪਏ ਬੋਰੀ ਪੈਣ ਵਾਲਾ ਸੀਮੈਂਟ, ਸਰਕਾਰੀ ਟੈਕਸ ਪਾ ਕੇ ਡਿਉਢੇ ਭਾਅ 37 ਰੁਪਏ ਵਿਕ ਰਿਹਾ ਹੈ ਅਤੇ ਅਜ਼ਾਰੇਦਾਰੀ ਦਾ ਟੈਕਸ ਪਾ ਕੇ ਤਿਗੁਣੇ ਭਾਅ 66 ਰੁਪਏ ਬੋਰੀ ਵਿਕ ਰਿਹਾ ਹੈ.........

ਉਪਰਲੀਆਂ ਪੰਕਤੀਆਂ ਪੜ੍ਹਨ ਮਗਰੋਂ, ਸਰਕਾਰ ਕੋਲੋਂ ਕੁਝ ਬੇਹਤਰੀ ਦੀ ਆਸਾ ਰਖਣੀ ਮੂਰਖਾਂ ਦੇ ਸਵਰਗ ਵਿਚ ਰਹਿਣ ਵਾਲੀ ਗੱਲ ਹੋਵੇਗੀ। ਅਗਰ ਫਿਰ ਵੀ ਯਕੀਨ ਨਹੀਂ ਆਇਆ ਤਾਂ ਹੇਠਲੀਆਂ ਪੰਕਤੀਆਂ ਪੜ੍ਹ ਲਉ :—

ਅਖਬਾਰ ਇਕਨੌਮਿਕ ਟਾਈਮਜ਼, ਤਰੀਕ 4-2-82 ਮੁਤਾਬਕ :—

ਉਦਯੋਗ ਮੰਤਰੀ, ਸ਼੍ਰੀ ਨਰੈਣ ਦੱਤ ਤਿਵਾੜੀ ਜੀ ਨੇ ਅਜ ਲੋਕ ਸਭਾ ਵਿਚ (ਬਗ਼ੈਰ ਕਿਸੇ ਸ਼ਰਮ ਹਯਾ ਦੇ) ਦੱਸਿਆ ਕਿ ਬੇਸ਼ੱਕ ਭਜਨੇ, ਅੰਤੁਲੇ, ਰੈਡੀ ਅਤੇ ਹੋਰ ਅਨੇਕਾਂ ਕਾਂਗਰਸੀ ਮੁਖ ਮੰਤਰੀਆਂ ਵਗੈਰਾ ਨੇ ਕਰੋੜਾਂ ਰੁਪਈਏ ਸੀਮੈਂਟ ਦੀ ਬਲੈਕ ਕਰ 2 ਕੇ ਕਮਾਏ ਹੋਣਗੇ ਪਰ ਅਸੀਂ ਕੀਹਦੀ 2 ਐਨਕੁਐਰੀ ਕਰਵਾਉਂਦੇ ਫਿਰੀਏ.........! ਨਾਲੇ ਇਕ ਚੋਰ ਹੋਵੇ ਤਾਂ.........।

ਜਿਥੇ ਮੁੱਖ ਮੰਤਰੀ ਬਲੈਕ ਕਰਨ ਤੇ ਪ੍ਰਧਾਨ ਮੰਤਰੀ ਹੋਰੀਂ ਉਨ੍ਹਾਂ ਨੂੰ ਦਰੁਸਤ ਠਹਿਰਾਉਣ (ਬਜ਼ੁੱਰਗ ਇੰਦਰਾ ਗਾਂਧੀ ਨੇ ਲੋਕ ਸਭਾ ਅੰਦਰ ਅੰਤੁਲੇ ਨੂੰ ਡੀਫੈਂਡ ਕੀਤਾ ਸੀ) ਉਥੋਂ ਇਨਸਾਫ ਦੀ ਆਸ ਕਰਨੀ.........ਸੱਚ ਪੁੱਛੋ ਤਾਂ ਉਨ੍ਹਾਂ ਨੇ ਤਾਂ ਬਲੈਕ ਮਾਰਕੀਟਿੰਗ ਨੂੰ ਸਖਤੀ ਨਾਲ ਦਬਾਉਣ ਦੀ ਬਜਾਏ ਸਗੋਂ ਉਹਦਾ ਕੌਮੀਕਰਨ ਹੀ ਕਰ ਦਿਤਾ ਹੈ। ਅਗੇ ਮਿਡਲ ਮੈਨ ਜੰਤਾ ਨੂੰ ਗੈਰ ਕਾਨੂੰਨੀ ਤੌਰ ਤੇ ਲੁਟਦੇ ਸਨ, ਹੁਣ ਕਨੂੰਨੀ ਤੌਰ ਤੇ ਅਜਾਰੇਦਾਰੀ ਨੂੰ ਲੁੱਟਣ ਲਈ ਲਾਈਸੈਂਸ ਮਿਲ ਗਿਆ ਹੈ.........???

ਉਸ ਦੇਸ਼ ਦੀਆਂ ਸਮੱਸਿਆਵਾਂ ਦਾ ਹੱਲ ਕਿਵੇਂ.........???

---

## *ਕ੍ਰਾਂਤੀਕਾਰੀ ਸਾਹਿਤ ਸਭਾ ਵਲੋਂ 'ਮਰਜੀਵੜੇ' ਉਤੇ ਇਕ ਗੋਸ਼ਟੀ*

ਸਾਹਿਤ ਨੇ ਸਮਾਜ ਵਿਚ ਆਪਣੀ ਇਕ ਕਲਿਆਨਕਾਰੀ ਭੂਮਿਕਾ ਨਿਭਾਉਣੀ ਹੈ। ਇਸਨੇ ਸੰਘਰਸ਼ਸ਼ੀਲ ਲੋਕਾਂ ਨੂੰ ਭੈੜੀ ਜ਼ਿੰਦਗੀ ਬਦਲਨ ਲਈ ਪ੍ਰੇਰਨਾ ਦੇਣੀ ਹੈ। ਇਸ ਨਿਸ਼ਾਨੇ ਲਈ ਸਾਹਿਤਕ ਆਲੋਚਨਾ ਦੇ ਪ੍ਰਚੱਲਤ ਮਾਪਦੰਡ ਸਾਰਥਕ ਨਹੀਂ। ਕਿਉਂਕਿ ਪਰੋਲਤਾਰੀ ਸਾਹਿਤ ਦੀ ਆਪਣੀ ਇਕ ਜੁੱਗਤੀ ਹੈ ਇਸ ਲਈ ਇਸਦੇ ਮੁਲਅੰਕਣ ਲਈ ਵੀ ਆਲੋਚਨਾ ਦੀ ਨਵੀਂ ਪ੍ਰਣਾਲੀ ਦੀ ਲੋੜ ਹੈ। ਕ੍ਰਾਂਤੀਕਾਰੀ ਸਾਹਿਤ ਸਭਾ, ਪੰਜਾਬ ਇਸ ਆਲੋਚਨਾ ਪ੍ਰਣਾਲੀ ਦੇ ਵਿਕਾਸ ਲਈ ਵਚਣਬੰਧ ਹੈ। ਇਸ ਸੰਬੰਧ ਵਿਚ ਆਪਣੀਆਂ ਜਲੰਧਰ ਅਤੇ ਅਮ੍ਰਿਤਸਰ ਦੀਆਂ ਦੋ ਗੋਸ਼ਟੀਆਂ ਦੇ ਬਾਅਦ ਕ੍ਰਾਂਤੀਕਾਰੀ ਸਾਹਿਤ ਸਭਾ ਦੇ ਸਹਿਯੋਗ ਨਾਲ ਮਨਜੀਤ ਸਿੰਘ ਦੇ ਬਹੁਚਰਿਤਰ ਨਾਵਲ **ਮਰਜੀਵੜੇ**, ਜੋ ਵੀਅਤਨਾਮ ਦੇ ਮੁੱਕਤੀ ਯੁੱਧ ਨੂੰ ਆਪਣਾ ਪਿੜ ਬਣਾਂਦੇ ਹੋਏ ਦੁਨੀਆਂ ਭਰ ਦੇ ਅਮਨ ਪਸੰਦ ਲੋਕਾਂ ਦੇ ਜਜ਼ਬਾਤਾਂ ਦੀ ਪ੍ਰਤਿਨਿਧਤਾ ਕਰਦਾ ਹੈ, ਉਤੇ ਇਕ ਗੋਸ਼ਟੀ ਕਰ ਰਹੀ ਹੈ। ਭਾਗ ਲੈਣ ਵਾਲੇ ਵਿਸ਼ੇਸ਼ ਵਿਦਵਾਨ ਡਾਕਟਰ ਜੁਗਿੰਦਰ ਸਿੰਘ ਰਾਹੀ, ਡਾਕਟਰ ਤੇਜਵੰਤ ਸਿੰਘ ਗਿਲ, ਡਾਕਟਰ ਸਾਧੂ ਸਿੰਘ, ਬਾਰੂ ਸਤਵਰਗ ਨਾਇਕ ਹਨ। ਬਹਿਸ ਦਾ ਆਰੰਭ ਤੇ ਸੰਚਾਲਨ ਸ੍ਰ. ਸਵਿੰਦਰਜੀਤ ਸਾਗਰ ਕਰਨਗੇ ! ਇਸ ਗੋਸ਼ਟੀ ਲਈ ਸਾਰਿਆਂ ਨੂੰ ਖੁਲਾ ਸਦਾ ਹੈ।

ਤਾਰੀਖ : 15—16 ਮਈ ਦੀ ਦਰਮਿਆਨੀ ਰਾਤ

ਸਮਾਂ : ਰਾਤ 9 ਵਜੇ ਤੋਂ ਸਵੇਰੇ 5 ਵਜੇ

ਥਾਂ : ਗੁਰੂ ਖਾਲਸਾ ਨਿਵਾਸ (ਸਮਤਾ ਮੈਗਜ਼ੀਨ ਦਾ ਦਫਤਰ) ਨਜ਼ਦੀਕ ਗੰਗਾ ਵਾਲੀ ਬਿਲਡਿੰਗ, ਖਾਲਸਾ ਕਾਲਜ ਰੋਡ, ਅੰਮ੍ਰਿਤਸਰ।

—ਗੁਰਸ਼ਰਨ ਸਿੰਘ

ਮੈਂਬਰ ਸੂਬਾ ਜਥੇ ਬੰਦਕ ਕਮੇਟੀ, ਕ੍ਰਾਂਤੀਕਾਰੀ ਸਾਹਿਤ ਸਭਾ

# ਪੰਜਾਬੀ ਸਾਹਿਤ ਅਤੇ ਸਰਕਾਰੀ ਸਰਪ੍ਰਸਤੀ

ਪ੍ਰੋ. ਅਜਮੇਰ ਸਿੰਘ—ਪਟਿਆਲਾ

ਇਹ ਲੇਖ ਰਾਮਪੁਰਾ ਫੂਲ ਦੇ ਸਾਹਿਤਕ ਇਕੱਠ ਵਿਚ ਪੜ੍ਹਿਆ ਗਿਆ। ਇਸ ਵਿਚ ਉਠਾਏ ਗਏ ਨੁੱਕਤੇ ਸਾਡੇ ਸਾਹਿਤਕ ਮੰਚ ਲਈ ਬੜੀ ਸਾਰਥਿਕਤਾ ਰਖਦੇ ਹਨ। ਇਸ ਨੂੰ ਸਮਤਾ ਦੇ ਪਾਠਕਾਂ ਲਈ ਪੇਸ਼ ਕਰਨ ਵਿਚ ਅਸੀਂ ਵਿਸ਼ੇਸ਼ ਖੁਸ਼ੀ ਮਹਿਸੂਸ ਕਰ ਰਹੇ ਹਾਂ/ਐਡੀਟਰ

ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਕਦੇ ਵੀ ਬਾਦਸ਼ਾਹਾਂ ਦੇ ਰਾਜ ਦਰਬਾਰ ਦਾ ਸ਼ਾਹੀ-ਰਤਨ ਬਣਨ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ। ਰਾਜ ਦਰਬਾਰ ਦੀ ਸਰਪ੍ਰਸਤੀ ਮਿਲਣ ਨਾਲ, ਬਿਨਾਂ ਸ਼ੱਕ ਕਿਸੇ ਭਾਸ਼ਾ ਦੇ ਵਿਕਾਰ ਤੇ ਸਮਰਥਾ ਵਿਚ ਵਾਧਾ ਹੁੰਦਾ ਹੈ ਅਤੇ ਉਸ ਦੇ ਸਾਹਿਤ ਵਿਚ ਵਧੇਰੇ ਪ੍ਰੌਢਤਾ, ਪਕਿਆਈ, ਸ਼ਾਇਸ਼ਤਗੀ, ਚਟਕ ਮਟਕ ਤੇ ਲਿਸ਼ਕ ਪੁਸ਼ਕ ਆ ਜਾਂਦੀ ਹੈ। ਇਸੇ ਲਈ ਸਾਡੇ ਵਿਦਵਾਨਾਂ ਨੂੰ ਇਸ ਘਾਟੇ ਦਾ ਸਦਾ ਝੋਰਾ ਰਿਹਾ ਹੈ। ਪਰ ਇਹਨਾਂ ਇਤਿਹਾਸਕ ਪਰਿਸਥਿਤੀਆਂ ਦਾ ਉਸਾਰੂ ਪ੍ਰਭਾਵ ਵੀ ਪਿਆ ਹੈ। ਪੰਜਾਬੀ ਸਾਹਿਤ ਕਦੇ ਵੀ ਰਾਜ ਦਰਬਾਰਾਂ ਵਿਚ ਫਨੂਸ ਬਣ ਕੇ ਨਹੀਂ ਲਟਕਿਆ ਸਗੋਂ ਇਸ ਦਾ ਮੁੱਖ ਹਰ ਸਮੇਂ ਸਾਧਾਰਨ ਲੋਕਾਂ ਵਲ ਰਿਹਾ ਹੈ। ਇਸ ਵਿਚ ਸ਼ਹਿਨ-ਸ਼ਾਹਾਂ ਨੂੰ ਖੁਸ਼ ਕਰਨ ਤੇ ਇਨਾਮ ਪ੍ਰਾਪਤ ਕਰਨ ਲਈ ਝੂਠੀ ਸਿਫਤ ਦੇ ਲੰਮੇ ਲੰਮੇ ਕਸੀਦੇ ਨਹੀਂ ਲਿਖੇ ਗਏ। ਇਸ ਵਿਚ ਬਨਾਵਟੀ ਸ਼ਬਦ-ਚਮਤਕਾਰ ਦੀ ਭਰਮਾਰ ਨਹੀਂ ਸਗੋਂ ਕਵੀਆਂ ਨੇ ਆਪਣੀ ਅੰਤਰ-ਆਤਮਾ ਤਕ ਭਿੱਜ ਕੇ ਨਿਜੀ ਆਤਮਿਕ ਅਨੁਭਵ ਨੂੰ ਕਾਵਿ-ਅਨੁਭਵ ਵਿਚ ਢਾਲਿਆ ਹੈ। ਇਸ ਵਿਚ ਦਰਬਾਰੀ ਕਵੀਆਂ ਵਾਲੀ ਈਰਖਾਬਾਜ਼ੀ ਅਤੇ ਕੂਟਨੀਤੀ ਭਰਪੂਰ ਕਲਾਬਾਜ਼ੀ ਨਹੀਂ ਸਗੋਂ ਇਸ ਵਿਚ ਫਕੀਰਾਂ ਦਰਵੇਸ਼ਾਂ ਵਾਲੀ ਮੌਜ, ਸਾਦਗੀ, ਨਿਰਛਲਤਾ ਤੇ ਸਪਸ਼ਟਤਾ ਰਹੀ ਹੈ। ਇਹ ਗੁਣ ਪੰਜਾਬੀ ਸਾਹਿਤ ਦੇ ਸੁਭਾਅ ਤੇ ਸਰੂਪ ਦੀ ਪਛਾਣ ਦਾ ਮੁਖ ਆਧਾਰ ਬਣਿਆ ਹੈ। ਇਹੀ ਕਾਰਣ ਹੈ ਕਿ ਰਾਜਸਥਾਨ ਵਿਚ ਪ੍ਰਚਲਤ ਚਾਰਣ ਅਤੇ ਭੱਟ-ਪਰੰਪਰਾ ਪੰਜਾਬ ਵਿਚ ਵਿਗਸਤ ਨਾ ਹੋ ਸਕੀ (ਭੱਟ ਅਤੇ ਚਾਰਣ ਆਪਣੇ ਸਰਪ੍ਰਸਤ ਰਾਜੇ ਮਹਾਰਾਜੇ ਦੀ ਉਸਤਤਿ ਵਿਚ ਕਾਵਿ-ਸਿਰਜਣਾ ਕਰਦੇ ਸਨ ਅਤੇ ਉਸ ਕੋਲੋਂ ਮੂੰਹੋਂ ਮੰਗਿਆ ਇਨਾਮ ਪ੍ਰਾਪਤ ਕਰਦੇ ਸਨ।) ਇਹੀ ਕਾਰਣ ਹੈ ਕਿ ਪੰਜਾਬੀ ਕਾਵਿ-ਧਾਰਾ ਨੇ ਰਾਜ-ਦਰਬਾਰਾਂ ਦੇ ਅੰਤਰ-ਦਵੰਦ ਦੀ ਕਾਲਖ ਤੋਂ ਆਪਣੀ ਰੰਗਲੀ ਫੁਲ-ਕਾਰੀ ਨੂੰ ਬਚਾਈ ਰਖਿਆ। ਇਹੀ ਕਾਰਣ ਹੈ ਕਿ ਪੰਜਾਬ ਵਿਚ ਸੈਂਕੜੇ ਸਾਲ ਮੁਸਲਮਾਨਾਂ ਦਾ ਰਾਜ ਰਹਿਣ ਅਤੇ ਸੈਂਕੜੇ ਸਾਲ ਪੰਜਾਬ ਵਿਚ ਫ਼ਾਰਸੀ ਜ਼ਬਾਨ ਦੇ ਸਰਕਾਰੀ ਭਾਸ਼ਾ ਰਹਿਣ ਦੇ ਬਾਵਜੂਦ ਵੀ, ਕਸੀਦਾ—ਜੋ ਫ਼ਾਰਸੀ ਦਾ ਅਤਿ ਮਹੱਤਵਪੂਰਨ ਕਾਵਿ-ਰੂਪ ਸੀ, ਪੰਜਾਬੀ ਦੇ ਮੁਸਲਮਾਨ ਕਵੀਆਂ ਨੂੰ ਵੀ ਕਬੂਲ ਨਾ ਹੋ ਸਕਿਆ। ਅਹਿਮਦਯਾਰ ਵਰਗੇ ਮੁਸਲਮਾਨ ਕਿੱਸਾਕਾਰਾਂ ਨੇ, ਜੋ ਫ਼ਾਰਸੀ ਭਾਸ਼ਾ ਅਤੇ ਸਾਹਿਤ ਤੋਂ ਭਲੀ ਪ੍ਰਕਾਰ ਜਾਣੂ ਤੇ ਅਧਿਕਾਰ ਰਖਦੇ ਸਨ, 'ਕਸੀਦਾ' ਕਾਵਿ-ਰੂਪ ਨੂੰ ਨਹੀਂ ਅਪਣਾਇਆ।

ਬੇਸ਼ਕ ਵਿਸ਼ਵ ਸਾਹਿਤ ਦੇ ਇਤਿਹਾਸ ਵਿਚ ਸਾਹਿਤ ਨੂੰ 'ਰਾਜ ਵਲੋਂ' ਦਿਤੀ ਗਈ ਸਰਪ੍ਰਸਤੀ ਦੀ ਦੇਣ ਬੜੀ ਅਮੁੱਲੀ ਹੈ। ਇਸ ਪ੍ਰੇਰਨਾਂ ਦੇ ਕਾਰਨ ਕਈ ਉਤਕ੍ਰਿਸ਼ਟ ਸ਼ਾਹਕਾਰਾਂ ਦੀ ਸਿਰਜਣਾ ਕੀਤੀ ਗਈ। ਵਾਸਤਵ ਵਿਚ ਮੱਧਕਾਲ ਵਿਚ ਰਾਜ ਤੇ ਧਰਮ ਹੀ ਸਾਹਿੱਤਕਾਰਾਂ ਤੇ ਕਲਾਕਾਰਾਂ ਦੇ ਪ੍ਰਮੁੱਖ ਸਰਪ੍ਰਸਤ ਸਨ। ਪਰ ਇਸ ਦਾ ਪ੍ਰਭਾਵ ਦਵੱਲਾ ਪਿਆ। ਫ਼ਾਰਸੀ ਦੇ ਮਹਾਨ ਕਵੀ ਫਿਰਦੌਸੀ (ਕਰਤਾ ਸ਼ਾਹਨਾਮਾ), ਮਹਾਨ ਵਿਦਵਾਨ ਅਬੂ ਅਲੀ ਬਿਨ ਸਿਨਾ (ਕਰਤਾ ਸ਼ਿਫਾ) ਨਾਲ ਜੋ ਜਗੋਂ ਤੇਰਵੀਂ ਸੁਲਤਾਨ ਮਹਿਮੂਦ ਗਜ਼ਨਵੀ ਨੇ ਕੀਤੀ ਸੀ, ਉਸ ਨੂੰ ਸਾਰਾ ਜਗ ਜਾਣਦਾ ਹੈ। 'ਚਹਾਰ ਮਕਾਲਾ' ਅਨੁਸਾਰ ਮਹਿਮੂਦ ਗਜ਼ਨਵੀ ਨੇ ਅਲਹਿੰਦ ਦੇ ਸੁਪ੍ਰਸਿੱਧ ਲੇਖਕ ਅਲਬਰੂਨੀ ਨੂੰ ਇਸ ਲਈ ਮਹਿਲ ਤੋਂ ਸੁਟਵਾ ਦਿਤਾ ਸੀ ਕਿਉਂਕਿ ਉਸ ਵਲੋਂ ਕੀਤੀ ਗਈ ਪਸ਼ੀਨ ਗੋਈ ਸੱਚ ਸਾਬਤ ਹੋਈ ਸੀ ਅਤੇ ਵਿਦਵਾਨ ਦੀ ਭਵਿਖਬਾਣੀ ਦੁਬਾਰਾ ਸੱਚ ਹੋਣ ਉਤੇ ਉਸ ਨੂੰ ਕੈਦ ਵਿਚ ਸੁੱਟ ਦਿੱਤਾ ਸੀ। ਬਾਦਸ਼ਾਹ ਆਪਣੇ ਦਰਬਾਰ ਦੀ ਸ਼ੋਭਾ ਲਈ ਕਵੀਆਂ/ਵਿਦਵਾਨਾਂ ਨੂੰ ਸੁੰਦਰ ਤੀਵੀਆਂ ਵਾਂਗ ਅਗਵਾਹ ਵੀ ਕਰ ਲੈਂਦੇ ਸਨ। ਬਾਦਸ਼ਾਹ ਜਦੋਂ ਮਿਹਰਬਾਨ ਹੁੰਦਾ ਸੀ ਤਾਂ ਕਵੀਆਂ/ਵਿਦਵਾਨਾਂ ਨੂੰ ਮਾਲੋਮਾਲ ਕਰ ਦਿੰਦਾ ਸੀ ਜੇ ਕਰੋਪ ਹੁੰਦਾ ਸੀ ਤਾਂ ਕੰਗਾਲ ਕਰ ਦਿੰਦਾ ਸੀ। ਇਹਨਾਂ ਹਾਲਤਾਂ ਵਿਚ ਰਾਜ-ਦਰਬਾਰ ਦੇ ਕਵੀਆਂ ਦੀ ਅੰਦਰਲੀ ਤੇ ਬਾਹਰਲੀ ਸਖਸ਼ੀਅਤ ਉਤੇ ਹਰ ਸਮੇਂ ਸ਼ਾਹੀ ਜਲਾਲ ਦਾ ਸਹਿਮ ਛਾਇਆ ਰਹਿੰਦਾ ਸੀ। ਕਸੀਦਾ-ਗੋ ਵੀ ਬਾਦਸ਼ਾਹ ਕੋਲੋਂ ਧਨ ਮਾਲ ਵਿਟੋਰਨ ਲਈ ਕਈ ਪ੍ਰਕਾਰ ਦੇ ਢੰਗ ਵਰਤਨ ਵਿਚ ਸ਼ਰਮ ਮਹਿਸੂਸ ਨਹੀਂ ਸਨ ਕਰਦੇ। ਜੇ

ਉਸਤਤਿ ਨਾਲ ਬਾਦਸ਼ਾਹ ਧਨ ਮਾਲ ਨ੍ਹੀਂ ਸੀ ਦਿੰਦਾ ਤਾਂ ਕਈ ਵੇਰ ਇਹ ਕਸੀਦਾ-ਗੋ ਬਾਦਸ਼ਾਹ ਕੋਲੋਂ ਤਾਹਨਾ ਤੇ ਵਿਅੰਗ ਮਾਰ ਕੇ ਪੈਸਾ ਕਢਵਾ ਲੈਂਦੇ ਸਨ। ਕਸੀਦਾ-ਗੋਈ ਦਾ ਪੈਗੰਬਰ ਕਵੀ ਅਨਵਰੀ ਇਸ ਹਥਿਆਰ ਦੀ ਵਰਤੋਂ ਨੂੰ ਜਾਇਜ਼ ਮੰਨਦਾ ਹੋਇਆ ਲਿਖਦਾ ਹੈ : "ਮੰਗਣਾ ਸ਼ਾਇਰਾਂ ਦਾ ਧਰਮ ਹੈ...ਮਾਲ ਦਿਓ, ਪੈਸਾ ਦਿਓ ਤਾਂ ਮੇਰੀ ਜ਼ਬਾਨ ਚਲਦੀ ਹੈ।" ਗੁਰਗਾਨ ਦੇ ਸ਼ੇਖ ਜ਼ਰਗਿ-ਅਲ-ਮਾਮਰੀ ਨੇ ਆਪਣੇ ਸਰਪ੍ਰਸਤ ਨੂੰ ਕਿਹਾ ਸੀ, "ਜਿੰਨੇ ਪੈਸੇ ਸ਼ਾਹ ਨੇ ਰੌਦਕੀ ਨੂੰ ਦਿਤੇ ਸਨ ਜੇ ਉਸ ਦਾ ਹਜ਼ਾਰਵਾਂ ਹਿੱਸਾ ਵੀ ਮਿਲਿਆ ਹੁੰਦਾ ਤਾਂ ਮੈਂ ਉਸ ਤੋਂ ਹਜ਼ਾਰ ਗੁਣਾਂ ਬੇਹਤਰ ਸ਼ੇਅਰ ਕਹਿੰਦਾ।" ਕਾਵਿ-ਸਿਰਜਣ ਦੀ ਇਹ ਕਮਾਲ ਦੀ ਜੁਗਤੀ ਸੀ ਇਨ੍ਹਾਂ ਕਸੀਦਾ-ਗੋ ਸ਼ਾਇਰਾਂ ਕੋਲ ਜਿੰਨ੍ਹਾਂ ਦੀ ਕਾਵਿ ਕਲਪਣਾ ਦੀ ਗੁੱਡੀ ਦੌਲਤ ਦੀ ਡੋਰ ਸਹਾਰੇ ਹੀ ਉੱਡ ਸਕਦੀ ਸੀ। ਸ਼ੁਕਰ ਹੈ ਕਿ ਪੰਜਾਬੀ ਸ਼ਾਇਰ ਇਸ ਜ਼ਹਿਰੀਲੀ-ਅਫੀਮ ਤੋਂ ਬਚੇ ਰਹੇ। ਪੰਜਾਬੀ ਕਵੀਆਂ ਨੇ ਰਾਜਾ ਸ਼ਰੇਣੀ ਦੀ ਕਾਮਕ ਉਤੇਜਨਾ ਨੂੰ ਭੜਕਾਉਣ ਜਾਂ ਤ੍ਰਿਪਤ ਕਰਨ ਲਈ ਨੰਗੇ ਰਤੀ ਮਾਦਿਕਤਾ ਭਰੇ ਗੀਤ ਨਹੀਂ ਲਿਖੇ ਸਗੋਂ ਇਹਨਾਂ ਨੇ ਆਪਣੇ ਦੈਵੀ ਆਵੇਸ਼ ਵਿਚ ਆ ਕੇ ਸਮੇਂ ਦੀ ਰਾਜਾ ਸ਼ਰੇਣੀ ਦੇ ਜ਼ੁਲਮ ਨੂੰ ਨੰਗਾ ਕੀਤਾ ਹੈ :

ਕਲ ਕਾਤੀ ਰਾਜੇ ਕਸਾਈ......

(ਗੁਰੂ ਨਾਨਕ, ਆਦਿ ਗ੍ਰੰਥ, ਪੰਨਾ-145)

ਰਾਜੇ ਸ਼ੀਂਹ ਮੁਕਦਮ ਕੁੱਤੇ......

(ਗੁਰੂ ਨਾਨਕ, ਆਦਿ ਗ੍ਰੰਥ, ਪੰਨਾ-1288)

ਰਾਜੇ ਪਾਪ ਕਮਾਵਤੇ,
ਉਲਟੀ ਵਾੜ ਖੇਤ ਕੋ ਖਾਈ।

(ਭਾਈ ਗੁਰਦਾਸ : ਵਾਰ ਪਹਿਲੀ)

ਹੋਰ ਤਾਂ ਹੋਰ ਕਿੱਸਾਕਾਰ ਹਾਸ਼ਮ ਸ਼ਾਹ ਨੇ ਇਸੇ ਸੁਰ ਵਿਚ ਸਮਕਾਲੀਨ ਬਾਦਸ਼ਾਹਾਂ ਦੀ ਸਖ਼ਤ ਆਲੋਚਨਾ ਕੀਤੀ ਹੈ :

ਹੁਣ ਕਹੁ ਹਾਲ ਹਕੀਕਤਿ ਹਾਸ਼ਮ,
ਹੁਣ ਦਿਆਂ ਬਾਦਸ਼ਾਹਾਂ ਦੀ।
ਜ਼ੁਲਮੋਂ ਕੂਕ ਗਈ ਅਸਮਾਨੀ,
ਦੁਖੀਆਂ ਰੋਸ ਦਿਲਾਂ ਦੀ ॥ 37 ॥
ਆਦਮੀਆਂ ਦੀ ਸੂਰਤਿ ਦਿਸਦੇ,
ਰਾਕਸ਼ ਆਦਮ ਖੋਰੇ।
ਜ਼ਾਲਮ ਚੋਰ ਪਲੀਤ ਜ਼ਿਨਾਹੀ,
ਖੌਫ ਖੁਦਾਓਂ ਕੋਰੇ ॥ 38 ॥

(ਸ਼ੀਰੀ ਫਰਹਾਦ-ਹਾਸ਼ਮ)

ਪੰਜਾਬੀ ਸੂਫੀ ਫਕੀਰਾਂ ਨੇ ਵੀ ਰੱਬੀ ਪ੍ਰੇਮ ਵਿਚ ਲੀਨ ਹੋ ਕੇ, ਫ਼ਨਾਂ ਦੀ ਅਧਿਆਤਮਿਕ ਅਵਸਥਾ ਨੂੰ ਧਾਰਨ ਕਰਦਿਆਂ ਤਸੱਵਰ ਨੂੰ ਫਬਿਆਨ ਕਰਨ ਵਾਲੀਆਂ ਗੁੱਝੀਆਂ ਰਮਜ਼ਾਂ ਨੂੰ ਸ਼ਾਹੀ ਦਰਬਾਰ ਦੇ ਰੂਪਕਾਂ, ਚਿੰਨਾਂ ਰਾਹੀਂ ਪ੍ਰਗਟ ਨਹੀਂ ਕੀਤਾ ਸਗੋਂ ਪੰਜਾਬੀ ਸਭਿਆਚਾਰ ਵਿਚੋਂ ਦਾਜ, ਚਰਖਾ, ਪੂਣੀ, ਬੇੜੀ, ਮਲਾਹ, ਮਾਹੀ, ਰਾਂਝਾ, ਡਾਚੀ ਆਦਿ ਬਿੰਬਾਂ ਰੂਪਕ ਤੇ ਪ੍ਰਤੀਕ ਚੁਣੇ ਹਨ। ਨਾਥ ਜੋਗੀਆਂ ਨੇ ਜੋਗ ਨੂੰ ਕੰਚਨ ਤੇ ਰਾਜ-ਭਾਗ ਨੂੰ ਮਿੱਟੀ ਮੰਨਿਆ ਹੈ। ਜੋਗੀਆਂ ਨੇ ਰਾਜਾ ਸ਼ਰੇਣੀ ਦੇ ਅੰਦਰੂਨੀ ਖੋਖਲੇਪਣ, ਮਾਨਸਿਕ ਦਵੰਦ ਤੇ ਨਾਕਾਰਾਤਮਿਕਤਾ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਕਿ ਭਰਥਰੀ, ਗੋਪੀ ਚੰਦ, ਪੂਰਨ ਭਗਤ ਆਦਿ ਰਾਜੇ/ਰਾਜ ਕੁਮਾਰ ਰਾਜ ਭਾਗ ਤਿਆਗ ਕੇ, ਸਿਰ ਵਿਚ ਸੁਆਹ ਪਾ ਕੇ, ਕੰਨੀਂ ਮੁੰਦਰਾਂ ਪਾ ਕੇ ਜੋਗੀਆਂ ਵਾਲੇ ਵਸਤਰ ਪਹਿਣ ਕੇ ਥਾਂ ਥਾਂ ਭਰਮਣ ਕਰਨ ਲਗ ਪਏ ਸਨ।

ਰਾਜ-ਦਰਬਾਰ ਦੇ ਲੂਣ ਖਾਣ ਵਾਲੇ ਕਵੀਆਂ ਦੀ ਜੀਭ ਉਤੇ ਰਸ ਭਾਵੇਂ ਵਧ ਜਾਵੇ ਪਰ ਸੱਚ ਘੱਟ ਜਾਂਦਾ ਹੈ। ਇਕ ਕਸੀਦਾ-ਗੋ ਤੇ ਇਕ ਦੇਸ਼ ਭਗਤ ਕਵੀ ਇਕੋ ਹੀ ਮਸਲੇ ਤੇ ਲਿਖਦੇ ਹੋਏ ਵਿਰੋਧੀ ਰੰਗ ਪੈਦਾ ਕਰ ਸਕਦੇ ਹਨ। ਸਿੱਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਸੰਬੰਧੀ ਦੇਸ਼-ਭਗਤ ਕਵੀ ਸ਼ਾਹ ਮੁਹੰਮਦ ਨੇ ਪੰਜਾਬੀ ਦਾ ਸਰਬੋਤਮ ਜੰਗਨਾਮਾ ਲਿਖਿਆ ਅਤੇ ਇਸੇ ਹੀ ਵਿਸ਼ੇ ਉਤੇ ਉਰਦੂ ਦੇ ਉਤਕ੍ਰਿਸ਼ਟ ਸ਼ਾਇਰ ਮਿਰਜ਼ਾ-ਗ਼ਾਲਿਬ ਨੇ ਫ਼ਾਰਸੀ ਵਿਚ 'ਫ਼ਤਹਨਾਮਾ-ਇ-ਪੰਜਾਬ' ਲਿਖਿਆ। ਦੋਵੇਂ ਕਵੀ ਮੁਸਲਮਾਨ ਹਨ। ਦੋਵੇਂ ਕਵੀ ਸਮਕਾਲੀ ਹਨ ਅਤੇ ਯੁੱਧ ਸਮੇਂ ਜੀਵਤ ਸਨ। ਦੋਵਾਂ ਦੀ ਰਚਨਾ ਲਗਭਗ ਇਕੋ ਸਮੇਂ ਦੀ ਹੈ! ਪਰ ਇਹ ਦੋਵੇਂ ਕਵੀ ਸਿੰਘਾਂ ਬਾਰੇ ਇਸ ਤਰ੍ਹਾਂ ਵਿਰੋਧੀ ਅੰਦਾਜ਼ ਵਿਚ ਲਿਖਦੇ ਹਨ :

ਡੰਡੇ ਨਿਕਲੇ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,
ਜਿਵੇਂ ਬੇਲਿਉਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮੁਝੈਲ ਦੁਆਬੀਏ ਜੀ,
ਜਿਨ੍ਹਾਂ ਕਿਲੇ ਨਿਵਾਏ ਸੀ ਡੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ ਜੰਬੂਰ ਖਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।

(ਜੰਗ ਸਿੰਘਾਂ ਤੇ ਫਰੰਗੀਆਂ-ਸ਼ਾਹ ਮੁਹੰਮਦ)

ਜਾਂ ਸੂ ਸਿਯਾਰ ਦਿਲਾਨ-ਇ-ਕਜ
ਅੰਦੇਸ਼ ਬਦ ਨਿਹਾਦ।
ਦਰ ਸਰ ਫਗੰਦਹ ਬਾਦਿ ਖਿਲਾਫ਼
ਅਜ਼ ਸੁਬਨ ਸਰੀ।
ਦਾਗ਼ਿ ਜਬੀਨ-ਇ-ਦਹਿਰ ਜਨਾਪਾਕ ਮੁਸ਼ਰਬੀ।
ਰੋਜ਼ਿ ਸਿਆਹ ਖ਼ੇਸਤਨ ਅਜ਼ ਤੀਰਾ ਅਖਤਰੀ।

ਅਜ ਮਗਰਬ ਅਮ ਰਸੀਦਹ
ਬਸਾਨਿ ਸਵਾਦਿ ਸ਼ਾਮਿ।
ਅਜ ਮਸ਼ਰਿਕ ਈ ਦਮੀਦਹ
ਚੂੰ ਖੁਰਸ਼ਦ-ਇ-ਖਾਬ਼ਰੀ।
(ਫ਼ਤਹਨਾਮਾ-ਇ-ਪੰਜਾਬ-ਮਿਰਜ਼ਾ ਗ਼ਾਲਿਬ)

ਅਰਥਾਤ—

ਦੂਜੇ ਪਾਸੇ (ਸਿੰਘਾਂ ਵਲ) ਕਾਲੇ ਦਿਲਾਂ ਵਾਲੇ, ਪੁੱਠਾ ਸੋਚਣ ਵਾਲੇ ਤੇ ਬੁਰੇ ਅਸਲੇ ਵਾਲੇ ਆਪਣੇ ਉਛੇਪਣ ਕਾਰਣ, ਵਿਰੋਧੀ ਧੌਣਾ, ਅਗੇ ਨੀਵੀਂ ਪਾਈ ਖੜੇ ਸਨ।

ਉਹ ਆਪਣੇ ਅਪਵਿਤ੍ਰ ਧਰਮ ਕਾਰਣ ਤੇ ਦੁਨੀਆਂ ਤੇ ਕਲੰਕ ਸਨ।

ਉਹ ਆਪਣੇ ਭੈੜੇ ਭਾਗਾਂ ਕਾਰਨ ਭੈੜੇ ਦਿਨਾਂ ਵਾਲੇ ਹਨ।

ਉਹ (ਸਿੰਘ) ਪਛਮ ਵਲੋਂ ਕਾਲੇ ਹਬਸ਼ੀਆਂ ਜਾਂ ਸ਼ੈਤ ਦੇ ਪਸ਼ੂਆਂ ਵਾਂਗ ਆਏ।

ਇਹ (ਅੰਗਰੇਜ਼) ਪੂਰਬ ਵਲੋਂ ਪੂਰਬੀ ਸੂਰਜ ਵਾਂਗ ਉਦੈ ਹੋਏ।

ਫਰਕ ਸਾਫ ਸਪਸ਼ਟ ਹੈ। ਸ਼ਾਹ ਮੁਹੰਮਦ ਵਰਗੇ ਦੇਸ਼ ਭਗਤ, ਇਤਿਹਾਸਿਕ ਵਿਕਾਸ ਦੀ ਸੋਝੀ ਵਾਲੇ ਸੂਝਵਾਨ ਕਵੀ ਅਗੇ ਮਿਰਜ਼ਾ ਗ਼ਾਲਿਬ ਇਕ ਦੇਸ਼ ਵਿਰੋਧੀ ਦੇ ਰੂਪ ਵਿਚ ਦਿਖਾਈ ਦਿੰਦਾ ਹੈ ਜੋ ਉਲਾਰ, ਕੌਮਾਂ ਦੇ ਇਤਿਹਾਸਿਕ ਵਿਕਾਸ ਦੇ ਪਰਿਪੇਖ ਤੋਂ ਕੋਰਾ ਅਤੇ ਮਾਤਰ-ਭੂਮੀ ਉਤੇ ਕਾਬਜ਼ ਬਿਦੇਸ਼ੀ ਸਾਮਰਾਜੀਆਂ ਦਾ ਝੋਲੀ ਚੁੱਕ ਸਿੱਧ ਹੁੰਦਾ ਹੈ।

ਸਾਮੰਤ-ਸ਼ਾਹੀ ਸਮੇਂ ਕਵੀਆਂ/ਵਿਦਵਾਨਾਂ ਨੂੰ ਦਰਬਾਰ ਵਿਚ ਜ਼ਬਰਦਸਤੀ ਪਾ ਲਿਆ ਜਾਂਦਾ ਸੀ ਪਰ ਸਰਮਾਏਦਾਰੀ-ਨਜ਼ਾਮ ਵਿਚ ਮਿੱਠੇ ਢੰਗ ਨਾਲ ਥਾਪੀ ਜਾਂ ਲਾਲਚ ਦੇ ਕੇ ਸਰਕਾਰ-ਹਿਤੈਸ਼ੀ ਬਣਾਇਆ ਜਾਂਦਾ ਹੈ। ਲੇਖਕ/ਬੁੱਧੀਜੀਵੀਆਂ ਨੂੰ ਆਪਣੇ ਵਲ ਖਿਚਣ ਲਈ ਸਾਡੀ ਸਰਕਾਰ ਦੀਆਂ ਕੁਝ ਮਜਬੂਰੀਆਂ ਹਨ। ਪਹਿਲੀ, ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਆਰਥਿਕ ਸੰਕਟ ਡੂੰਘਾ ਹੋਣ ਕਰਕੇ ਬੁਰਜੂਆ ਜਮਾਤ ਦੀ ਵਿਚਾਰਧਾਰਿਕ ਧਾਂਕ ਜੰਮ ਨਹੀਂ ਸਕੀ। ਸਾਡੀ ਸਰਕਾਰ ਕੋਲ ਆਰਥਿਕ ਪੱਖ ਤੋਂ ਵਿਕਾਸ ਕਰਕੇ ਦਿਖਾਉਣ ਲਈ ਕੁਝ ਨਹੀਂ ਇਸ ਲਈ ਲੋਕਾਂ ਵਿਚ ਆਪਣਾ ਪ੍ਰਭਾਵ ਸਾਹਿਤਕਾਰਾਂ ਕੋਲੋਂ ਬਣਵਾਉਣਾ ਚਾਹੁੰਦੀ ਹੈ। ਕੁਝ ਕੁ ਸਾਹਿਤਕਾਰਾਂ ਦੀ ਸਰਪ੍ਰਸਤੀ ਕਰਨ ਨਾਲ ਉਹਨਾਂ ਦੀ ਸੌਖੀ ਸ਼ੋਹਰਤ ਹੋ ਜਾਂਦੀ ਹੈ। ਦੂਜੀ, ਤਿੱਖਾ ਆਰਥਿਕ-ਸੰਕਟ ਹੋਣ ਕਰਕੇ ਦੇਸ਼ ਵਿਚ ਤਿਖੇ ਸਿਆਸੀ ਘੋਲ ਹੋਏ; ਜਿਵੇਂ 1967 ਦੇ ਕਰੀਬ ਪਹਿਲਾ ਵੱਡਾ ਆਰਥਿਕ-ਮੰਦਵਾੜਾ ਪੈਦਾ ਹੋਇਆ ਜਿਸ ਨੇ ਸਿਆਸੀ ਸੰਘਰਸ਼ਾਂ ਨੂੰ ਛੇਰੀ ਕਰਨ ਵਿਚ ਮੱਦਦ ਦਿਤੀ। ਪੰਜਾਬ ਵੀ ਇਨ੍ਹਾਂ ਘੋਲਾਂ ਵਿਚ ਪੇਸ਼ ਰਿਹਾ। ਇਨ੍ਹਾਂ ਲੋਕ-ਘੋਲਾਂ ਵਿਚ ਸਾਹਿਤਕਾਰ ਵੀ ਕਾਫੀ ਮਾਤਰਾ ਵਿਚ ਜੁੜੇ ਹੋਏ ਸਨ। ਲੋਕਾਂ ਦੀਆਂ ਨਿਗਾਹਾਂ ਵਿਚ ਇਨ੍ਹਾਂ ਸਾਹਿਤਕਾਰਾਂ ਦਾ ਰਸੂਖ ਵਧਣ ਨਾਲ ਸਰਕਾਰ ਨੂੰ ਚਿੰਤਾ ਹੋਈ। ਸਰਕਾਰ ਅਗਾਂਹ-ਵਧੂ ਸਾਹਿਤਕਾਰਾਂ ਨੂੰ ਲੋਕਾਂ ਨਾਲੋਂ ਤੋੜ ਕੇ ਆਪਣੇ ਹਿੱਤ ਵਿਚ ਵਰਤਣਾ ਚਾਹੁੰਦੀ ਹੈ। ਬੁਰਜੂਆ-ਪ੍ਰਬੰਧ ਆਪਣੇ ਪੱਖੀ ਸਾਹਿਤਕਾਰਾਂ ਨੂੰ ਹੀ ਨਹੀਂ ਨਿਵਾਜਦਾ ਸਗੋਂ ਕਈ ਵੇਰ ਆਪਣੇ ਵਿਰੋਧੀਆਂ ਨੂੰ ਵੀ ਚਾਟ ਪਾ ਕੇ ਖੁੰਢਾ ਕਰਦਾ ਹੈ।

ਇਥੇ ਇਹ ਪ੍ਰਸ਼ਨ ਉੱਠਦਾ ਹੈ ਕਿ ਪ੍ਰਤੀਬੱਧ ਲੇਖਕ ਲੋਕਾਂ ਨਾਲੋਂ ਟੁੱਟ ਕੇ ਸਰਕਾਰ ਨਾਲ ਕਿਉਂ ਜੁੜ ਜਾਂਦੇ ਹਨ? ਇਸ ਦੇ ਇਹ ਪ੍ਰਮੁਖ ਕਾਰਨ ਹਨ। ਪਹਿਲਾ, ਪਿਛਲੇ ਸਮੇਂ ਵਿਚ ਖੱਬੇ ਪੱਖੀ ਪਾਰਟੀਆਂ ਨੇ ਰਾਜ-ਸੱਤਾ ਨਾਲ ਸਮਝੌਤਾ ਕੀਤਾ, ਇਸ ਨਾਲ ਖੱਬੇ ਪੱਖੀ ਸਾਹਿਤਕਾਰਾਂ ਨੂੰ ਰਾਜ-ਸਤਾ/ਸਰਕਾਰ ਦੇ ਨੇੜੇ ਜਾਣ ਦਾ ਮੌਕਾ ਮਿਲਿਆ; ਉਹਨਾਂ ਵਿਚੋਂ ਕਈ ਪੱਕੇ ਹੀ ਜੁੜ ਗਏ। ਦੂਜਾ, ਸਾਡੇ ਸਾਹਿਤਕਾਰ/ਵਿਦਵਾਨ ਵਧੇਰੇ ਕਰਕੇ ਮਧਵਰਗ ਨਾਲ ਸਬੰਧ ਰਖਦੇ ਹਨ। ਮਧ-ਵਰਗ ਦਾ ਇਹ ਖਾਸਾ ਹੈ ਕਿ ਉਹ ਜਾਤੀ-ਤਰੱਕੀ ਲਈ ਸਮੇਂ ਸਮੇਂ ਥਿੜਕਦਾ ਰਹਿੰਦਾ ਹੈ।

ਪੰਜਾਬੀ ਭਾਸ਼ਾ ਇਕ ਹਜ਼ਾਰ ਸਾਲ ਦੇ ਲਗਭਗ ਸਫ਼ਰ ਤਹਿ ਕਰਕੇ, ਆਜ਼ਾਦੀ ਤੋਂ 21 ਸਾਲ ਬਾਅਦ ਲੰਬੀ ਐਜੀਟੇਸ਼ਨ ਤੋਂ ਪਿਛੋਂ, ਰਾਜ-ਭਾਸ਼ਾ ਬਣੀ। ਪੰਜਾਬੀ ਬੋਲੀ ਸਾਡੀ ਸਰਕਾਰ ਦੇ ਇਨਸਾਫ਼ ਤੇ ਕਿਰਪਾ ਨਾਲ ਰਾਜ-ਭਾਸ਼ਾ ਨਹੀਂ ਬਣੀ ਸਗੋਂ ਲੰਬੇ ਲੋਕ-ਘੋਲਾਂ ਦੇ ਦਬਾਅ ਨਾਲ ਬਣੀ ਹੈ। ਇਤਿਹਾਸ ਇਹੀ ਦਸਦਾ ਹੈ ਕਿ ਪੰਜਾਬੀ ਦੇ ਵਿਕਾਸ ਦੀ ਰਾਹ ਲੋਕਾਂ ਦਾ ਦਬਾਅ ਹੀ ਪੈਦਾ ਕਰੇਗਾ। ਪਰ ਆਮ ਲੋਕਾਂ ਦਾ ਪੰਜਾਬੀ ਦੇ ਰਾਜ-ਭਾਸ਼ਾ ਬਨਣ ਨਾਲ ਇਸ ਦੀ ਵਿਸ਼ੇਸ਼ ਪ੍ਰਗਤੀ ਲਈ ਉਤਸ਼ਾਹ-ਜਨਕ ਹੋਣਾ ਕੁਦਰਤੀ ਸੀ। ਪੰਜਾਬ-ਸਰਕਾਰ ਜੋ ਆਪ ਕਾਨੂੰਨ ਬਣਾ ਕੇ ਵੀ ਆਪਣੇ ਹੀ ਸੁਕੱਤਰੇਤ ਤੇ ਹੋਰ ਦਫ਼ਤਰਾਂ ਵਿੱਚ ਪੰਜਾਬੀ-ਭਾਸ਼ਾ ਵਿਚ ਕੰਮ ਕਾਜ ਕਰਨ ਦਾ ਅਮਲ ਪੂਰੀ ਤਰ੍ਹਾਂ ਲਾਗੂ ਕਰਵਾਉਣ ਵਿਚ ਬੇਬੱਸ ਦਿਸਦੀ ਹੈ, ਉਹ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਵਿਚ ਕਿੰਨਾ ਕੁ ਸੁਹਿਰਦ ਯੋਗਦਾਨ ਦੇ ਸਕਦੀ ਹੈ। ਵਾਸਤਵ ਵਿਚ ਇਹ ਬੁਰਜੂਆ ਸਰਕਾਰਾਂ ਨੇ ਪੰਜਾਬੀ ਦੀ ਵਾਸਤਵਿਕ ਉਨੱਤੀ ਦੀ ਥਾਂ ਇਸ ਨੂੰ ਆਪਣੇ ਰਾਜਸੀ ਲਾਭ ਲਈ ਪ੍ਰਾਪੇਗੰਡੇ ਦੇ ਰੂਪ ਵਿਚ ਵਰਤਿਆ ਹੈ। ਇਨ੍ਹਾਂ ਦੀ ਪੰਜਾਬੀ-ਸਭਿਆਚਾਰ ਨਾਲ ਦਿਖਾਵੇ-ਪਾਤਰ ਪੋਤਲੀ ਦਿਲਚਸਪੀ ਹੈ। ਇਹੀ ਕਾਰਨ ਹੈ ਕਿ ਪੰਜਾਬੀ-ਸਭਿਆਚਾਰ

ਦੀ ਸੰਭਾਲ ਤੇ ਵਿਕਾਸ ਦੇ ਬੁਨਿਆਦੀ ਕੰਮ ਵੀ ਅਜੇ ਆਰੰਭ ਨਹੀਂ ਕੀਤੇ ਗਏ। ਸਾਮਰਾਜੀ ਸਭਿਆਚਾਰ ਦੇ ਪ੍ਰਭਾਵ ਦਾ ਝੱਖੜ ਬੜੇ ਜ਼ੋਰ ਨਾਲ ਝੁੱਲ ਰਿਹਾ ਹੈ ਅਤੇ ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਘਰ ਦੇ ਬੂਹੇ ਖਿੜਕੀਆਂ ਉਸ ਖੁੱਲੀਆਂ ਛੱਡ ਰੱਖੀਆਂ ਹਨ। ਸਾਡੇ ਹੀ ਮਨਾਂ ਵਿਚ ਸਾਡੇ ਹੀ ਸਭਿਆਚਾਰ ਪ੍ਰਤੀ ਹੀਣਤਾ-ਭਾਵ ਪ੍ਰੈਦਾ ਕਰਨ ਦੇ ਵਸੀਲੇ ਬਣਾਏ ਗਏ ਹਨ। ਤਦੇ ਹੀ ਅਸੀਂ ਦੇਸ਼ ਦੀ ਸਿਆਸੀ-ਵੰਡ ਤੋਂ ਪਿਛੋਂ ਆਪਣੇ ਸਭਿਆਚਾਰ ਨਾਲੋਂ, ਨਿਤਾਪ੍ਰਤੀ ਜੀਵਨ ਵਿਚ, ਪਾਗਲਾਂ ਵਾਲੀ ਤੇਜ਼ੀ ਨਾਲ ਟੁੱਟੇ ਅਤੇ ਟੁੱਟ ਰਹੇ ਹਾਂ। ਬੁਰਜੂਆ-ਸਮਾਜਿਕ-ਪ੍ਰਬੰਧ ਸਾਹਿਤ-ਸਭਿਆਚਾਰ ਦੀ ਸਮੁੱਚੀ ਬੇਹਤਰੀ ਦੀ ਥਾਂ ਕੁਝ ਗਿਣਵੇਂ ਬੰਦਿਆਂ ਨੂੰ ਨਿਵਾਜਨ ਵਿਚ ਵਧੇਰੇ ਦਿਲਚਸਪੀ ਲੈਂਦਾ ਹੈ। ਆਪਣੇ ਪ੍ਰਭਾਵ ਤੇ ਭੱਲ ਨੂੰ ਬਣਾਈ ਰਖੱਣ ਲਈ ਸਰਕਾਰਾਂ ਬੁੱਧੀਜੀਵੀਆਂ ਨੂੰ ਕੀਲਦੀਆਂ ਰਹਿੰਦੀਆਂ ਹਨ। ਸਰਕਾਰ ਕੋਲ ਕਈ ਵਧੀਆ ਮੰਤਰ ਸਨ, ਜਿਵੇਂ ਕੁਰਸੀ-ਮੰਤਰ, ਇਨਾਮ-ਸਨਮਾਨ ਮੰਤਰ, ਇਸ਼ਤਿਹਾਰ ਤੇ ਗਰਾਂਟ ਮੰਤਰ, ਹਵਾਲਾਤ ਮੰਤਰ ਆਦਿ। ਰੇਡੀਓ, ਟੈਲੀਵੀਜ਼ਨ ਤੇ ਸਰਕਾਰੀ ਵਿਭਾਗਾਂ ਤੋਂ ਬਿਨਾਂ ਯੂਨੀਵਰਸਿਟੀਆਂ ਵਰਗੇ ਅਰਧ-ਸਰਕਾਰੀ ਅਦਾਰੇ ਵੀ ਸਰਕਾਰ ਦੀ ਅੱਖ ਦੀ ਰਮਜ਼ ਨੂੰ ਪਛਾਣ ਕੇ ਤੁਰਦੇ ਹਨ। ਸਰਕਾਰ ਆਪਣਾ ਮੁਹਾਂਦਰਾ ਲੋਕ-ਪੱਖੀ ਦਿਖਾਉਣ ਲਈ ਸਾਹਿਤ ਅਤੇ ਸਭਿਆਚਾਰ ਦੀ ਪ੍ਰਗਤੀ ਦੇ ਵਡੇ ਵਡੇ ਅਡੰਬਰ ਨੁਮਾ ਪਰਾਜੈਕਟ ਚਾਲੂ ਕਰਵਾਉਂਦੀ ਹੈ ਅਤੇ ਉਹਨਾਂ ਦਾ ਰਜ ਕੇ ਢੰਡੋਰਾ ਪਿਟਦੀ ਹੈ।

ਗ਼ੈਰ-ਸਰਕਾਰੀ ਸਾਹਿਤਿਕ ਜਥੇਬੰਦੀਆਂ ਨੂੰ ਸਰਕਾਰੀ ਸਰਪ੍ਰਸਤੀ ਦਾ ਤਜਰਬਾ ਵੀ ਪੰਜਾਬੀ ਵਿਚ ਹੋਇਆ ਹੈ ਜੋ ਸਰਕਾਰੀ ਨੁਕਤਾ ਨਿਗਾਹ ਤੋਂ ਕਾਮਯਾਬ ਅਤੇ ਲੋਕ-ਪੱਖੀ ਦ੍ਰਿਸ਼ਟੀਕੋਣ ਤੋਂ ਸਵੈਪ੍ਰਸਿੱਧੀ ਦੀ ਸੀਮਤ ਵਲਗਣ ਵਿਚ ਵਲਿਆ ਹੋਇਆ ਹੈ। ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ, ਉੱਚੀ-ਅਵਸਰ-ਸ਼ਾਹੀ ਲੇਖਕਾਂ ਦੇ ਹੱਥਾਂ ਵਿਚ ਪ੍ਰਵਾਨ ਚੜ੍ਹੀ ਅਤੇ ਸਰਕਾਰ ਦੀ ਮਿਹਰਵਾਨ ਨਜ਼ਰ ਦੀ ਕਿਰਪਾਪਾਤਰ ਬਣੀ। ਇਹ ਅਕੈਡਮੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਦਾ ਕਿੰਨਾ ਕੁ ਕੁਝ ਸੰਵਾਰ ਸਕੀ ਹੈ। ਇਹ ਕਿਸੇ ਤੋਂ ਗੁੱਝਾ ਨਹੀਂ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਿਲਵਰ ਜੁਬਲੀ ਸਮਾਗਮ ਵਿਚ ਮੁੱਖ ਮੰਤਰੀ ਤੇ ਰਾਜਨੀਤਕ ਆਗੂਆਂ ਦੀਆਂ ਬਖਸ਼ਿਸ਼ਾਂ ਤੋਂ ਪਤਾ ਲਗਦਾ ਹੈ ਕਿ ਉਹ ਵੀ ਲੁਧਿਆਣਾ ਅਕੈਡਮੀ ਦੇ ਰਾਹ ਉਤੇ ਹੀ ਤੁਰ ਰਹੀ ਹੈ। ਕੇਂਦਰੀ ਲਿਖਾਰੀ ਸਭਾ, ਭਾਵੇਂ ਇਸ ਨਾਲ ਹੀ ਬਹੁਤ ਸਾਰੇ ਪ੍ਰਤੀਬੱਧ ਲੋਕ ਹਤੈਸ਼ੀ ਸੁਹਿਰਦ ਲੇਖਕ ਜੁੜੇ ਰਹੇ ਹਨ, ਆਰੰਭ ਤੋਂ ਹੀ ਬੁਨਿਆਦੀ ਪੈਂਤੜੇ ਤੋਂ ਪੰਜਾਬੀ ਸਾਹਿਤ, ਸਾਹਿਤਕਾਰਾਂ ਅਤੇ ਪਾਠਕਾਂ ਦੀਆਂ ਵਾਸਤਵਿਕ ਸਮਸਿਆਵਾਂ ਤੋਂ ਅਵੇਸਲੀ ਰਹੀ ਹੈ। ਪੰਜਾਬੀ ਲੇਖਕਾਂ ਦੀਆਂ ਸਮੱਸਿਆਵਾਂ ਜਿਵੇਂ : ਰਚਨਾਵਾਂ ਪ੍ਰਕਾਸ਼ਿਤ ਕਰਨ, ਰਚਨਾਵਾਂ ਨੂੰ ਸਹੀ ਪਾਠਕਾਂ ਤੁਕ ਭੇਜਣਾ, ਸਹੀ ਆਲੋਚਨਾਤਮਿਕ ਸੇਧ, ਨਵੇਂ ਪੁੰਗਰਦੇ ਲੇਖਕਾਂ ਨੂੰ ਉਤਸ਼ਾਹ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਵਿਸ਼ਿਆਂ ਦੀਆਂ ਗੁੱਥੀਆਂ ਸਮਝਣ ਲਈ ਸਿਧਾਂਤਿਕ ਸੇਧ, ਸਥਾਪਿਤ ਲੇਖਕਾਂ ਵਿਚ ਆਈ ਖੜੋਤ ਨੂੰ ਤੋੜਨ ਲਈ ਲੋਕ-ਅਨੁਭੂਤੀ ਨਾਲ ਸਾਂਝ, ਵਿਸ਼ਵ ਵਿਆਪੀ ਉਤਕ੍ਰਿਸ਼ਟ ਸਾਹਿਤ ਤੇ ਸਾਹਿਤਕਾਰਾਂ ਨਾਲ ਅੰਤਰ ਕਾਰਜ ਆਦਿ ਵਲ ਕੋਈ ਵਰਣਨਯੋਗ ਧਿਆਨ ਨਹੀਂ ਦਿਤਾ। ਇਸੇ ਤਰ੍ਹਾਂ ਪਾਠਕਾਂ ਦੀਆਂ ਸਮਸਿਆਵਾਂ ਹਨ। ਉਹਨਾਂ ਨੂੰ ਤਾਂ ਢੰਗ ਦੀ ਪ੍ਰੇਰਨਾ ਦਿੱਤੀ ਗਈ ਹੈ ਅਤੇ ਨਾ ਹੀ ਤਾਲ ਮੇਲ ਦੀ ਉਤਮ ਵਿਵਸਥਾ ਹੈ। ਸਭਾ ਨੂੰ ਲੇਖਕਾਂ ਪਾਠਕਾਂ ਨੂੰ ਸਿਧਾਂਤਿਕ ਸੇਧ ਦੇਣ, ਤਾਲ ਮੇਲ ਕਾਇਮ ਕਰਨ ਅਤੇ ਸਭਿਆਚਾਰ ਦੀ ਸੰਭਾਲ ਲਈ ਹਰਿਆਵਲ ਦਸਤੇ ਦੀ ਭੂਮਿਕਾ ਨਿਭਾਉਣੀ ਚਾਹੀਦੀ ਸੀ।

ਸਾਹਿਤ ਸ਼ਰੇਣੀ-ਸੰਘਰਸ਼ ਤੋਂ ਉਚੇਰੀ ਵਸਤੂ ਨਹੀਂ ਹੁੰਦਾ ਭਾਵੇਂ ਇਸ ਦਾ ਜੁੱਸਾ ਪ੍ਰਚਾਰਾਤਮਿਕ ਨਹੀਂ ਸਗੋਂ ਪ੍ਰੇਰਨਾ-ਮੂਲਕ ਹੁੰਦਾ ਹੈ। ਸਾਹਿਤ ਸਮਾਜ ਦਾ ਚਿਤ੍ਰਾਤਮਿਕ ਪ੍ਰਗਟਾ ਹੀ ਨਹੀਂ ਸਗੋਂ ਇਸ ਵਿਚ ਨਵਪੂਰਨ ਕਰਨ ਦੀ ਕਲਪਨਾ ਹੁੰਦੀ ਹੈ। ਸਾਹਿਤਕਾਰ ਸਮਾਜ ਦੀ ਚੇਤਨ ਅੱਖ ਹੁੰਦਾ ਹੈ। ਉਹ ਨਵੇਂ ਸਮਾਜ ਤੇ ਉਸਾਰੂ ਮਨੁੱਖ ਦੀ ਘਾੜਤ ਵਿਚ ਰੁਝਿਆ ਕਾਮਾ ਕਲਾਕਾਰ ਹੈ। ਸਾਹਿਤਕਾਰ ਤੇ ਸਮਾਜ ਦੇ ਦਵੰਦਾਤਮਿਕ ਸੰਬੰਧ ਹਨ ਸਾਹਿਤਕਾਰ ਸਮਾਜ ਦਾ ਚਿਤਰਣ ਵੀ ਕਰਦਾ ਹੈ ਜਿਵੇਂ ਹੋਣਾ ਚਾਹੀਦਾ ਹੈ ਉਸ ਵਲ ਵੀ ਸੁਚੇਤ ਕਦਮ ਪੁੱਟਦਾ ਹੈ। ਉਤਮ ਸਾਹਿਤ ਵਿਚ ਵਿਚਾਰ ਨਵਾਂ ਤੇ ਕਲਿਆਣਕਾਰੀ, ਰੂਪ ਵਿਲੱਖਣ, ਸੁੰਦਰ ਤੇ ਕਲਾਤਮਿਕ ਹੋਣਾ ਜ਼ਰੂਰੀ ਹੈ। ਪਲੈਖਨੋਵ ਦੇ ਸ਼ਬਦਾਂ ਵਿਚ 'ਸਾਹਿਤ ਬਿੰਬਾਂ ਦੀ ਕਲਾ ਹੈ ਨੰਗੇ ਵਿਚਾਰਾਂ ਤੇ ਸਿੱਧੇ ਪ੍ਰਾਪੇਗੰਡੇ ਨਾਲ ਇਸ ਨੂੰ ਸਦਾ ਹਾਨੀ ਹੁੰਦੀ ਹੈ।' ਸਾਹਿਤਕਾਰ ਸੱਚ ਦਾ ਢਾਡੀ ਹੈ। ਸਾਹਿਤਕਾਰ ਨੂੰ ਸਦਾ ਆਪਣੇ ਪੈਰ ਤੇ ਮੁੱਖ ਉਹਨਾਂ ਲੋਕਾਂ ਵਲ ਰਖਣੇ ਚਾਹੀਦੇ ਹਨ ਜਿਨ੍ਹਾਂ ਵਿਚੋਂ ਉਹ ਆਪਣੀ ਬਿੰਬਾਵਲੀ ਚੁਣਦਾ ਹੈ। ਪ੍ਰਗਤੀਵਾਦੀ ਸਾਹਿਤਕਾਰਾਂ ਨੂੰ ਚੇਤਨ ਤੇ ਜ਼ਾਹਰੀ ਰੂਪ ਵਿਚ ਮਾਰਕਸਵਾਦੀ ਦਰਸ਼ਨ ਨਾਲ ਪ੍ਰਤੀਬੱਧ ਹੋ ਕੇ ਲੋਕਾਂ ਤੇ ਲੋਕ ਲਹਿਰਾਂ ਨਾਲ ਜੁੜਨਾ ਬਣਦਾ ਹੈ। ਉਹ ਲੋਕਾਂ ਦੀ ਨਿਜ਼ਾਤ ਤੇ ਲੋਕ ਮਨੋਰੰਜਨ ਲਈ ਲਿਖਦਾ ਹੈ ਇਸ ਲਈ ਉਸਦੇ ਸੱਚੇ ਸਰਪ੍ਰਸਤ ਲੋਕ ਹੀ ਹਨ। ਕੋਈ ਲੇਖਕ ਇਨਾਮਾਂ ਨਾਲ ਵੱਡਾ ਜਾਂ ਛੋਟਾ

ਲੇਖਕ ਨਹੀਂ ਬਣਦਾ ਸਗੋਂ ਲੋਕ-ਮਾਨਤਾ ਨਾਲ ਬਣਦਾ ਹੈ। ਜੇ ਲੋਕ ਉਸ ਦੀ ਰਚਨਾ ਨੂੰ ਸ਼ੌਕ, ਪਿਆਰ, ਉਤ-ਸ਼ਾਹ ਨਾਲ ਪੜ੍ਹਦੇ ਹਨ ਅਤੇ ਉਸਦੀ ਰਚਨਾ ਪਾਠਕਾਂ ਨੂੰ ਨਵਾਂ ਲੋਕ ਸਿਰਜਣ ਦੀ ਪ੍ਰੇਰਨਾ ਦਿੰਦੀ ਹੈ ਤਾਂ ਉਹ ਲੇਖਕ ਮਹਾਨ ਹੈ। ਇਹੀ ਉਸਦੀ ਮਾਨਤਾ ਹੈ।

ਸਾਡਾ ਬੁਰਜੂਆਂ ਸਮਾਜਿਕ ਪ੍ਰਬੰਧ ਉਭਰਦੇ ਤੇ ਸਥਾਪਿਤ ਹੋ ਚੁੱਕੇ ਲੇਖਕਾਂ ਨੂੰ ਆਪਣੇ ਚੱਕਰ ਵਿਚ ਫਸਾਉਣ ਲਈ ਬੜਾ ਉੱਡ ਕੇ ਲੈਂਦਾ ਹੈ। ਜਦੋਂ ਵੀ ਕਿਸੇ ਲੇਖਕ ਦਾ ਅੰਦਰਲਾ ਸਰਕਾਰੀ ਜਲੌਅ ਦੀ ਠਾਠ ਬਾਠ ਤੋਂ ਹਿੱਲ ਜਾਂਦਾ ਹੈ ਤਾਂ ਉਹ ਧੀਰੇ ਧੀਰੇ ਉਸ ਗਰਦਿਸ਼ ਵਿਚ ਫਸਣਾ ਸ਼ੁਰੂ ਹੋ ਜਾਂਦਾ ਹੈ ਭਾਵੇਂ ਆਰੰਭ ਵਿਚ ਇਹ ਗਤੀ ਬਹੁਤ ਹੀ ਮਧਮ ਤੇ ਬੇ-ਮਲੂਮੀ ਹੋ ਸਕਦੀ ਹੈ-ਦਰਬਾਰੀ ਚੱਕਰ ਵਿਚ ਪੈ ਕੇ ਬੰਦਾ ਗੋਰਖਧੰਦੇ ਵਿਚ ਫਸ ਜਾਂਦਾ ਹੈ। ਅਜ ਕਲ੍ਹ ਜਿਨ੍ਹਾਂ ਸਾਹਿਤਕਾਰਾਂ ਨੂੰ ਸੋਧਵਾਦ ਦੀ ਰਿਸਾਤਲ ਵਿਚ ਡਿੱਗੇ ਵੇਖਦੇ ਹਾਂ ਉਹਨਾਂ ਵਿਚ ਬਹੁਤ ਸਾਰੇ ਕਿਸੇ ਵੇਲੇ ਸਚ-ਮੁਚ ਹੀ ਲੋਕ ਲਹਿਰਾਂ ਨਾਲ ਸੁਹਿਰਦ ਤੇ ਬਚਨਬੱਧ ਸਨ। ਸਰਕਾਰੀ ਨਿਮਕ ਖਾਣ ਨਾਲ ਸਾਹਿਤਕਾਰਾਂ ਦੀ ਜਬਾਨ ਵਿਚ ਹੌਲੀ ਹੌਲੀ ਦਰਬਾਰੀ ਮਿਠਾਸ ਆਉਣੀ ਆਰੰਭ ਹੋ ਜਾਂਦੀ ਹੈ ਅੰਤ ਉਸਦੀ ਹਾਲਤ ਦੰਦ ਕਢੇ ਫਨੀਅਰ ਵਰਗੀ ਹੋ ਜਾਂਦੀ ਹੈ ਜਿਸ ਨੂੰ ਚਾਹੇ, ਅਣਚਾਹੇ ਸਾਮਰਾਜੀ ਬੀਨ ਉਤੇ ਮੇਲ੍ਹਣਾ ਪੈਂਦਾ ਹੈ। ਇਸ ਤਰ੍ਹਾਂ ਲੇਖਕ ਆਪਣੀ ਅੰਦਰਲੀ ਆਵਾਜ ਨੂੰ ਮਧਮ ਕਰਕੇ ਆਪਣੀ ਕਲਾ-ਸ਼ਕਤੀ ਨੂੰ ਇਸ ਜੂਏ ਵਿਚ ਹਾਰ ਜਾਂਦਾ ਹੈ।

ਜਦੋਂ ਵੀ ਕੋਈ ਲੇਖਕ ਪੈਂਤੜੇ ਤੋਂ ਉਖੜਦਾ ਹੈ ਤਾਂ ਡੂੰਘੀ ਦਲਦਲ ਵਿਚ ਧਸਦਾ ਹੀ ਚਲਾ ਜਾਂਦਾ ਹੈ। ਗਿਰਾਵਟ ਦੀ ਕੋਈ ਇੰਤਹਾ ਨਹੀਂ ਹੁੰਦੀ। ਵਿਦਵਾਨ ਸਮੇਂ ਦੇ ਰਾਜਨੀਤਿਕ ਆਗੂਆਂ/ਮੰਤਰੀਆਂ ਦੀਆਂ ਕੋਠੀਆਂ ਦੀ ਪ੍ਰਕਰਮਾਂ ਕਰਨ, ਕਾਪਲੂਸੀ ਵਿਚ ਲੇਖ ਲਿਖਣ ਵਿਚ ਵੀ ਆਪਣੀ ਵਡਿਆਈ ਸਮਝਣ ਲਗ ਪੈਂਦੇ ਹਨ। ਕਈ ਨਕਲੀ ਨਾਵਾਂ ਹੇਠ ਉਸਤਤਿ ਭਰੇ ਆਰਟੀਕਲ ਲਿਖਦੇ ਹਨ ਅਤੇ ਕਈ ਮੰਤਰੀਆ ਦੇ ਗੋਸ਼ਟ ਰਾਈਟਰ (ghost writer) ਬਣ ਕੇ ਉਹਨਾਂ ਦੀਆਂ ਸਪੀਚਾਂ ਅਤੇ ਲੇਖ ਲਿਖਦੇ ਰਹਿੰਦੇ ਹਨ। ਸਾਹਿਤਕਾਰ ਸਮਾਜ ਵਿਚ ਬੁੱਧੀਜੀਵੀ ਦੀ ਭੂਮਿਕਾ ਨਿਭਾਉਣ ਵਾਲਾ ਗਿਣਿਆਂ ਜਾਂਦਾ ਹੈ ਇਸ ਤਰ੍ਹਾਂ ਇਹ ਲੋਕ ਸਮੁੱਚੇ ਬੁੱਧੀਜੀਵੀ ਵਰਗ ਨੂੰ ਗਿਰਾਉਣ ਦਾ ਸਬੱਬ ਬਣਦੇ ਹਨ।

ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਸੰਭਾਲਣ ਲਈ ਪੰਜਾਬੀ ਲੇਖਕਾਂ ਨੂੰ ਵੀ ਮਲਿਆਲਮ ਤੇ ਹੋਰ ਦਖਣੀ ਭਾਸ਼ਾਵਾਂ ਦੇ ਤਜਰਬੇ ਤੋਂ ਲਾਭ ਉਠਾਉਂਦੇ ਹੋਏ, ਸਰਕਾਰ ਦੇ ਮੂੰਹ ਵਲ ਵੇਖੇ ਬਗੈਰ, ਲੇਖਕਾਂ ਦਾ ਸਾਂਝਾ ਵਿਸ਼ਾਲ ਅਦਾਰਾ ਬਣਾਉਣਾ ਚਾਹੀਦਾ ਹੈ। ਲੇਖਕ ਆਪ ਰਲ ਕੇ ਆਪਣੀਆਂ ਪੁਸਤਕਾਂ ਛਾਪਣ, ਵੇਚਣ ਤੇ ਪ੍ਰਚਾਰ ਕਰਨ। ਵੱਡੇ ਲੇਖਕ ਛੋਟੇ ਲੇਖਕਾਂ ਦੀ ਰਾਹ-ਨੁਮਾਈ ਕਰਨ ਅਤੇ ਪੁਸਤਕ ਪ੍ਰਕਾਸ਼ਨਾਂ ਦਾ ਚੱਕਰ ਦਿਨੋ ਦਿਨ ਵਧਦਾ ਚਲਾ ਜਾਵੇ। ਇਸ ਵਿਧੀ ਨਾਲ ਹੀ ਲੇਖਕ ਵਰਗ ਪ੍ਰਾਈਵੇਟ ਅਤੇ ਸਰਕਾਰ ਪਬਲਿਸ਼ਰਾਂ ਦੀ ਮੁਥਾਜੀ ਤੋਂ ਮੁਕਤ ਹੋ ਸਕੇਗਾ। ਵਿਅਕਤੀਗਤ ਤੌਰ ਤੇ ਗੁਰਸ਼ਰਨ ਸਿੰਘ ਦੇ ਯਤਨ ਸ਼ਲਾਘਾ ਯੋਗ ਹਨ, ਉਹ ਅਗਾਂਹਵਧੂ ਪੁਸਤਕਾਂ ਨੂੰ ਛਾਪ ਕੇ, ਸਸਤੇ ਮੁੱਲ ਉਤੇ ਆਪ ਵੇਚਦਾ ਹੈ। ਇਸੇ ਤਜ਼ਰਬੇ ਨੂੰ ਵੱਡੇ ਕੁਆਪਰੇਟਿਵ ਤੌਰ ਤੇ ਚਾਲੂ ਕਰਨ ਦੀ ਲੋੜ ਹੈ। ਜਿਸ ਵਿਚ ਸਾਰੇ ਖੱਬੇ ਪੱਖੀ ਲੇਖਕ ਸ਼ਾਮਲ ਹੋਣ। ਪਿਛਲੇ ਹਜ਼ਾਰ ਸਾਲ ਵਿਚ ਸੈਂਕੜੇ ਅਜਿਹੇ ਲੇਖਕ ਹਨ ਜਿਨ੍ਹਾਂ ਦੀਆਂ ਰਚਨਾਵਾਂ ਨੂੰ 'ਸਾਂਭਣ, ਜ਼ੀਰੋ ਐਕਸ ਕਰਨ, ਮਾਈਕਰੋਫਿਲਮਾਂ ਬਨਾਣ ਤੇ ਪ੍ਰਕਾਸ਼ਿਤ ਕਰਨ ਦੀ ਲੋੜ ਹੈ। ਪਿਛਲੇ ਪੈਂਤੀ ਸਾਲਾਂ ਵਿਚ ਇਸ ਦਿਸ਼ਾ ਵਲ ਜੋ ਕਦਮ ਪੁੱਟੇ ਗਏ ਹਨ ਉਹ ਅਤਿ ਨਾ ਤਸੱਲੀ ਬਖਸ਼ ਹਨ। ਕਈ ਪੱਖਾਂ ਤੋਂ ਹਾਲਾਤ ਪਹਿਲਾਂ ਤੋਂ ਵੀ ਜ਼ਿਆਦਾ ਗੰਭੀਰ ਹੋ ਗਏ ਹਨ।

ਆਪਣੇ ਸਭਿਆਚਾਰਕ ਵਿਰਸੇ ਨੂੰ ਸੰਭਾਲਣ ਲਈ ਸਾਨੂੰ ਆਧੁਨਿਕ ਟੈਕਨਾਲੋਜੀ ਦੀ ਵਰਤੋਂ ਅਤੇ ਸਹਾਇਤਾ ਲੈਣੀ ਚਾਹੀਦਾ ਹੈ ਸਾਡੇ ਕੀਤੇ ਯਤਨ ਵਿਸ਼ਵ-ਪੱਧਰ ਉਤੇ ਪਛੜੇ ਹੋਏ ਯਤਨ ਰਹਿਣਗੇ। ਜਿਵੇਂ ਦਵਿੰਦਰ ਸਤਿਆਰਥੀ ਨੇ ਗਿੱਧੇ ਦੀਆਂ ਬੋਲੀਆਂ ਅਤੇ ਹੋਰ ਗੀਤ ਇਕਠੇ ਕੀਤੇ ਪਰ ਉਹਨਾਂ ਗੀਤਾਂ ਨੂੰ ਗਾਉਣ ਦੀ ਧੁਨਾ ਹੀ ਪੰਜਾਬਨਾਂ ਭੁਲ ਰਹੀਆਂ ਹਨ, ਗਿੱਧੇ ਦੇ ਨਾਚ ਦੀਆਂ ਅਸਲ ਮੁਦ੍ਰਾਵਾਂ ਹੀ ਅਲੋਪ ਹੋ ਰਹੀਆਂ ਹਨ। ਸਾਨੂੰ ਸਭ ਦੀਆਂ ਫਿਲਮਾਂ ਬਣਾ ਕੇ ਫਿਰ ਲੋਕਾਂ ਤਕ ਲੈ ਜਾਣਾ ਚਾਹੀਦਾ ਹੈ। ਸਰਕਾਰ ਸਭਿਆਚਾਰ ਨੂੰ ਵਾਪਰ ਬਣਾ ਕੇ ਪ੍ਰਦਰਸ਼ਨ ਕਰਨ ਦੇ ਉਪਰਾਲੇ ਤਾਂ ਕਰਦੀ ਹੈ ਪਰ ਇਸ ਦੇ ਵਿਕਾਸ ਤੇ ਰੂਪਾਂਤਰਣ ਕਰਨ ਤੋਂ ਅਸਲੋਂ ਅਵੇਸਲੀ ਹੈ, ਜਿਵੇਂ ਸਰਕਾਰ ਨੇ ਫੁਲਕਾਰੀ ਦੇ ਵਿਕਰੀ ਸੈਂਟਰ ਤਾਂ ਖੋਹਲ ਲਏ ਹਨ ਪਰ ਸਰਕਾਰੀ ਦਸਤਕਾਰੀ ਸਕੂਲਾਂ ਵਿਚ ਬਾਗ ਫੁਲਕਾਰੀਆਂ ਕੱਢਣ ਦਾ ਕੰਮ ਚਾਲੂ ਨਹੀਂ ਕਰਵਾਇਆ। ਇਹੀ ਦੁਰਦਿਸ਼ਾ ਹੋਰ ਖੇਤਰਾਂ ਵਿਚ ਹੈ।

ਅਜ ਦੇ ਇਸ ਨਾਜ਼ਕ ਦੌਰ ਵਿਚ ਸਾਹਿਤਕਾਰਾਂ ਨੂੰ ਥਿੜਕਣੋਂ ਤੋਂ ਬਚਾਉਣ ਵਿਚ ਲੇਖਕ ਦੀ ਲੋਕ-ਘੋਲਾਂ ਨਾਲ ਡੂੰਘੀ ਪ੍ਰਤੀਬੱਧਤਾ, ਕ੍ਰਾਂਤੀਕਾਰੀ ਲਹਿਰਾਂ ਦਾ ਚੜ੍ਹਾ, ਪ੍ਰਗਤੀਸ਼ੀਲ ਜਥੇਬੰਦੀਆਂ ਦਾ ਸੰਘਣਾ ਤਾਣਾ ਪੇਟਾ, ਚੇਤਨ ਪਾਠਕ-ਵਰਗ ਦਾ ਨੈਤਿਕ ਦਬਾਅ ਲਾਭਦਾਇਕ ਸਿੱਧ ਹੋ ਸਕੇਗਾ। ਲੇਖਕਾਂ ਨੂੰ ਉਸਾਰੂ ਰੌਂ ਵਿਚ ਰੱਖਣ ਲਈ ਖੱਬੇ ਪੱਖੀ ਤਾਕਤਾਂ ਦਾ ਆਪਸੀ ਤਾਲਮੇਲ ਮਦਦ ਕਰੇਗਾ। ਸਾਨੂੰ ਸਰਕਾਰ ਦੇ ਹੱਥ-ਕੰਡਿਆਂ ਉਤੇ ਹੈਰਾਨੀ ਜਾਂ ਰੋਸ ਨਹੀਂ ਹੋਣਾ ਚਾਹੀਦਾ ਕਿਉਂਕਿ ਇਹ ਤਾਂ ਸਦਾ ਖਾਸਾ ਹੈ। ਲੋੜ ਤਾਂ ਇਹ ਹੈ ਅਸੀਂ ਅਣਖੀਲੇ ਸੂਝਵਾਨ ਸਾਹਿਤਕਾਰਾਂ ਨੂੰ ਸਦਾ ਬੇਦਾਰ ਰਖੀਏ। ੦

# ਪਾਠਕ ਲੇਖਕ ਫੋਰਮ

ਪਾਠਕ ਲੇਖਕ ਫੋਰਮ ਵਿਚ ਸਾਹਿਤ, ਸਮਾਜ ਅਤੇ ਰਾਜਨੀਤੀ ਦੇ ਉਹਨਾਂ ਮਸਲਿਆਂ ਉਤੇ ਧਿਆਨ ਕੇਂਦਰਿਤ ਕਰਨ ਦਾ ਯਤਨ ਕਰਦੇ ਹਾਂ, ਜਿਹੜੇ ਮਸਲੇ ਸਾਡੀ ਸਮਝ ਵਿਚ ਸਾਡੇ ਸਮਾਜਿਕ ਜੀਵਨ ਨੂੰ ਬਦਲਨ ਲਈ ਬੜੀ ਮਹੱਤਤਾ ਰਖਦੇ ਹਨ। ਅਧਿਆਪਕ ਵਰਗ ਦੀ ਭੂਮਿਕਾ ਬਾਰੇ ਪਿਛਲੇ ਕੁਝ ਅੰਕਾਂ ਵਿਚ ਵਿਚਾਰ ਪੇਸ਼ ਕੀਤੇ ਗਏ ਹਨ। ਹੋਰ ਵੀ ਕੀਤੇ ਜਾਣਗੇ ਇਹਨਾਂ ਵਿਚਾਰਾਂ ਨੂੰ ਪੇਸ਼ ਕਰਨ ਦਾ ਮੰਤਵ ਇਹ ਹੈ ਕਿ ਅਸੀਂ ਅਧਿਆਪਕ ਜਥੇਬੰਦੀਆਂ ਨੂੰ ਜਿਹੜੀਆਂ ਮੁੱਖ ਤੌਰ ਤੇ ਖੱਬੀ ਲਹਿਰ ਦੇ ਅਸਰ ਥਲੇ ਹਨ, ਉਹਨਾਂ ਨੂੰ ਇਕ ਫੋਰਮ ਦੇਈਏ ਤਾਂ ਜੋ ਉਹ ਸਮਾਜ ਵਿਚ ਆਪਣਾ ਕਲਿਆਣਕਾਰੀ ਰੋਲ ਹੋਰ ਚੰਗੇ ਤਰੀਕੇ ਨਾਲ ਨਿਭਾ ਸਕਨ। ਪਿੰਡਾਂ ਦੇ ਭਾਈਚਾਰੇ ਵਿਚ ਅਧਿਆਪਕ ਵਰਗ ਦਾ ਵੱਡਾ ਹਿੱਸਾ ਹੈ। ਪਿਛਲੇ ਕੁਝ ਸਮੇਂ ਨੇ ਦਸਿਆ ਹੈ ਕਿ ਚੇਤਣ ਅਧਿਆਪਕਾਂ ਕੋਲੋਂ ਵਿਦਿਆ ਪਾ ਕੇ ਅਤੇ ਉਹਨਾਂ ਦਾ ਅਸਰ ਗ੍ਰਹਿਣ ਕਰਕੇ ਨੌਜਵਾਨਾਂ ਨੇ ਆਪਣੇ ਪਿੰਡਾਂ ਵਿਚ ਬੜੀ ਥਾਂ ਵੱਧੀਆ ਸਿੱਟੇ ਕੱਢੇ ਹਨ। ਪੰਜਾਬ ਵਿਚ ਫਿਰਕੂ ਅਨਸਰ ਜਦੋਂ ਸਮੁੱਚੇ ਵਾਤਾਵਰਨ ਵਿਚ ਜ਼ਹਿਰ ਘੋਲ ਰਹੇ ਸਨ ਤਾਂ ਇਹਨਾਂ ਜਾਗ੍ਰਿਤ ਨੌਜਵਾਨਾਂ ਨੇ ਆਪਣੇ ਆਪ ਨੂੰ ਇਸ ਜ਼ਹਿਰ ਨੂੰ ਫੈਲਣ ਵਿਚ ਵੱਡੀ ਰੁਕਾਵਟ ਸਾਬਤ ਕੀਤਾ। ਅਧਿਆਪਕ ਵਰਗ ਇਹਨਾਂ ਹਾਂ ਪੱਖੀ ਨਤੀਜਿਆਂ ਤੇ ਮਾਨ ਸਕਦਾ ਹੈ। ਪਰ ਜਿਹੜੇ ਨਾ ਪੱਖੀ ਰੁੱਟਾਣ ਵੀ ਦਿਸਦੇ ਹਨ, ਉਹਨਾਂ ਦੀ ਜ਼ਿੰਮੇਵਾਰੀ ਤੋਂ ਇਹ ਵਰਗ ਸੁਰਖ਼ਰੂ ਨਹੀਂ ਹੋ ਸਕਦਾ।

ਇਸ ਅੰਕ ਵਿਚ ਅਸੀਂ ਬਚਨ ਸਿੰਘ ਸ਼ਰਮਾ ਵਲੋਂ ਕਲਰਕ ਵਰਗ ਬਾਰੇ ਕੁਝ ਵਿਚਾਰ ਪੇਸ਼ ਕਰ ਰਹੇ ਹਾਂ। ਇਹ ਚਿੱਟ ਕਪੜਾ ਕਲਮੀ ਪ੍ਰੋਲਤਾਰੀ ਸਾਡੀ ਸਰਕਾਰੀ ਮਸ਼ੀਨਰੀ ਦਾ ਅਹਿਮ ਅੰਗ ਹੈ। ਕਲਰਕ ਵਰਗ ਦੇ ਇਤਿਹਾਸ ਨੂੰ ਬਿਆਨਦੇ ਹੋਏ ਬਚਨ ਸਿੰਘ ਸ਼ਰਮਾ ਨੇ ਕੁਝ ਅਹਿਮ ਮਸਲਿਆਂ ਉਤੇ ਉਂਗਲੀ ਰਖੀ ਹੈ, ਜਿਨ੍ਹਾਂ ਉਤੇ ਵਿਚਾਰ ਵਟਾਂਦਰੇ ਦੀ ਲੋੜ ਹੈ।

ਸਾਡੇ ਸਾਹਿਤ ਵਿਚ ਆਲੋਚਕ ਜਾਂ ਵਿਆਖਿਆਕਾਰ ਕਿਸੇ ਸਮੇਂ ਦੇ ਸਾਹਿਤ ਦੀ ਇਕ ਵਿਸ਼ੇਸ਼ ਦ੍ਰਿਸ਼ਟੀ ਨਾਲ ਮੁਲਅੰਕਣ ਕਰਦੇ ਹਨ, ਇਸ ਮੰਤਵ ਲਈ ਉਹ ਸਾਹਿਤ ਸਮੱਗਰੀ ਦੀ ਚੋਣ ਕਰਦੇ ਹਨ ਅਤੇ ਉਹਨਾਂ ਨੂੰ ਇਕ ਗਰੁਪ ਥਲੇ ਜੋੜਦੇ ਹਨ। ਹਿੰਦੀ ਮੈਗਜ਼ੀਨ 'ਨਿਰਝਰ' ਵਲੋਂ ਪੰਜਾਬੀ ਕਹਾਣੀ ਦਾ ਵਿਸ਼ੇਸ਼ ਅੰਕ ਨਿਕਲਿਆ ਹੈ। ਸਵਿੰਦਰਜੀਤ ਸਾਗਰ ਦੀ ਇਸ ਅੰਕ ਬਾਰੇ ਟਿਪਣੀ ਅਜੋਕੀ ਪੰਜਾਬੀ ਕਹਾਣੀ ਦੇ ਰੁਝਾਣ ਨੂੰ ਸਮਝਣ ਵਿਚ ਸਾਡੀ ਸਹਾਇਤਾ ਕਰਦੀ ਹੈ।

ਸਿਆਸਤ ਵਿਚ 'ਡੱਬਲ ਸਟੈਂਡਰਡ' ਬਾਰੇ ਹਰੀਸ਼ ਮਲਹੋਤਰਾ ਦੇ 'ਇਨਸਾਫ ਦੀ ਲੋਅ' ਵਿਚ ਦਿਤੇ ਵਿਚਾਰ ਵੀ ਇਸ ਅੰਕ ਵਿਚ ਸ਼ਾਮਿਲ ਹਨ। ਇਹਦੇ ਨਾਲ ਹੀ ਸਮਤਾ ਵਿਚ ਦਿਤੇ ਵਿਚਾਰਾਂ ਬਾਰੇ ਟਿਪਣੀ ਵੀ ਦੇ ਰਹੇ ਹਾਂ; ਜੋ ਠੀਕ ਦਿਸ਼ਾ ਲੱਭਣ ਵਿਚ ਸਹਾਈ ਹੋ ਸਕਦੇ ਹਨ/ਸੰਪਾਦਕ

## 1. *ਭਾਰਤੀ ਕਲਰਕ-ਸ਼ਰੇਣੀ ਦੇ ਨਿਕਾਸ ਤੇ ਵਿਕਾਸ ਦੀ ਕਹਾਣੀ*

ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ, ਭਾਰਤ ਦੇ ਕਿਸੇ ਵੀ ਰਾਜ-ਪ੍ਰਬੰਧ ਵਿਚ, ਰਾਜਸੱਤਾ ਨੂੰ ਚਲਾਉਣ ਲਈ ਕੋਈ ਬਹੁਤਾ ਵੱਡਾ ਪ੍ਰਬੰਧਕੀ ਢਾਂਚਾ ਨਹੀਂ ਹੁੰਦਾ ਸੀ। ਉਸ ਸਮੇਂ ਦੇ ਰਾਜਾਂ ਵਿਚ ਪੜ੍ਹਾਉਣ ਲਈ ਮੌਲਵੀ ਜਾਂ ਪਾਂਧੇ, ਮਾਮਲਾ ਇਕੱਠਾ ਕਰਨ ਲਈ ਪਟ-ਵਾਰੀ ਜਾਂ ਗੁਮਾਸ਼ਤੇ ਅਤੇ ਕਚਹਿਰੀਆਂ ਵਿਚ ਕਾਜ਼ੀ ਤੇ ਕੋਤਵਾਲ ਅਧਿਕਾਰੀ ਹੁੰਦੇ ਸਨ। ਵੱਡੇ ਮੁਕੱਦਮਿਆਂ ਦੇ ਫ਼ੈਸਲੇ ਸੂਬੇਦਾਰ ਜਾਂ ਬਾਦਸ਼ਾਹ ਆਪ ਕਰਦੇ ਸਨ। ਪੁਲਸ ਵਿਭਾਗ ਦੀ ਵੀ ਹੋਂਦ ਨਹੀਂ ਸੀ।

ਅੰਗਰੇਜ਼ਾਂ ਨੇ ਭਾਰਤ ਉੱਤੇ ਕਬਜ਼ਾ ਕਰਨ ਪਿੱਛੋਂ ਇਥੋਂ ਦੇ ਪੁਰਾਣੇ ਪ੍ਰਬੰਧਕੀ ਢਾਂਚੇ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ। ਉਹਨਾਂ ਨੂੰ ਕੰਮ ਲਈ, ਇਥੋਂ ਦੇ ਅਜਿਹੇ ਵਸਨੀਕਾਂ ਦੀ ਲੋੜ ਸੀ, ਜੋ ਹਿੰਦੁਸਤਾਨੀ ਹੋਣ ਦੇ ਬਾ-ਵਜੂਦ ਅੰਗਰੇਜ਼ੀਅਤ ਦੇ ਗੂੜ੍ਹੇ ਰੰਗ ਵਿਚ ਰੰਗੇ ਹੋਣ। ਅਰਥਾਤ ਭਾਰਤ ਦੀ ਸਮੁੱਚੀ ਉਪਜ ਦੀ ਲੁੱਟ ਕਰਨ ਲਈ, ਅੰਗਰੇਜ਼ਾਂ ਨੂੰ ਦੇਸੀ ਲੋਕਾਂ ਦੀ ਲੋੜ ਸੀ।

ਜਿਵੇਂ ਮਨੂੰ ਨੇ ਸਮਾਜ ਨੂੰ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰਾਂ ਵਿਚ ਵੰਡਿਆ ਸੀ, ਉਸੇ ਤਰ੍ਹਾਂ ਅੰਗਰੇਜ਼ੀ ਸਰਕਾਰ ਨੇ, ਪ੍ਰਬੰਧਕੀ ਕਰਮਚਾਰੀਆਂ ਦੀਆਂ ਚਾਰ ਸ਼ਰੇਣੀਆਂ ਬਣਾਈਆਂ—ਪਹਿਲੀ ਸ਼ਰੇਣੀ ਦੇ ਆਈ. ਸੀ. ਐਸ. ਕਰਮਚਾਰੀ, ਦੂਜੀ ਸ਼ਰੇਣੀ ਦੇ ਪੀ. ਸੀ. ਐਸ. ਕਰਮਚਾਰੀ, ਇਨ੍ਹਾਂ ਦੋਵਾਂ ਸ਼ਰੇਣੀਆਂ ਦੇ ਕਰਮਚਾਰੀਆਂ ਨੂੰ ਅਧਿਕਾਰੀ ਵਰਗ ਗਿਣਿਆ ਜਾਂਦਾ ਸੀ। ਤੀਜੀ ਸ਼ਰੇਣੀ ਵਿਚ ਅੰਗਰੇਜ਼ੀ ਪੜ੍ਹਿਆ-ਲਿਖਿਆ ਕਲਰਕ ਅਤੇ ਉਰਦੂ ਫਾਰਸੀ ਪੜ੍ਹੇ ਲਿਖੇ ਮੁਨਸ਼ੀ ਆਉਂਦੇ ਸਨ। ਜ਼ਿਆਦਾਤਰ ਲੋਕਾਂ ਦੇ ਅਨਪੜ੍ਹ ਹੋਣ ਕਾਰਣ ਅਤੇ ਮੁਗ਼ਲ ਸਮੇਂ ਤੋਂ ਚਲੀ ਆਉਂਦੀ ਉਰਦੂ,

ਫ਼ਾਰਸੀ ਦੀ ਵਰਤੋਂ ਕਾਰਣ ਅੰਗਰੇਜ਼ ਅਧਿਕਾਰੀਆਂ ਨੂੰ ਮੁਨਸ਼ੀ ਸ਼ਰੇਣੀ ਨੂੰ ਕਲਰਕਾਂ ਦੇ ਨਾਲ ਤੀਜੀ ਸ਼ਰੇਣੀ ਦੇ ਕਰਮਚਾਰੀਆਂ ਵਿਚ ਸ਼ਾਮਲ ਕਰਨ ਤੇ ਕੋਈ ਇਤਰਾਜ਼ ਨਹੀਂ ਸੀ। ਇਨ੍ਹਾਂ ਤਿੰਨਾਂ ਸ਼ਰੇਣੀਆਂ ਦੀ ਸੇਵਾ ਲਈ ਚੌਥੇ ਦਰਜੇ ਦੇ ਕਰਮਚਾਰੀ ਨਿਯੁਕਤ ਕੀਤੇ ਜਾਂਦੇ ਸਨ; ਜਿਵੇਂ ਚਪੜਾਸੀ ਆਦਿ।

ਪਰੰਤੂ ਅੰਗਰੇਜ਼ੀ ਸਰਕਾਰ ਦੇ ਲੱਟੂ ਪ੍ਰਬੰਧਕੀ ਢਾਂਚੇ ਦੀ ਰੀੜ੍ਹ ਦੀ ਹੱਡੀ ਅੰਗਰੇਜ਼ੀ ਪੜ੍ਹਿਆ-ਲਿਖਿਆ ਕਲਰਕ ਸੀ। ਉਸ ਸਮੇਂ ਖਾਂਦੇ-ਪੀਂਦੇ ਘਰਾਂ ਦੇ ਮੁੰਡੇ ਹੀ ਦਸਵੀਂ ਪੱਧਰ ਤੱਕ ਦੀ ਅੰਗਰੇਜ਼ੀ ਦੀ ਵਿਦਿਆ ਪ੍ਰਾਪਤ ਕਰ ਸਕਦੇ ਸਨ ਅਤੇ ਉਹ ਆਸਾਨੀ ਨਾਲ ਹੀ ਸਰਕਾਰੀ ਨੌਕਰੀਆਂ ਵਿਚ ਭਰਤੀ ਕਰ ਲਏ ਜਾਂਦੇ ਸਨ। ਸਦਾ ਉੱਚ-ਅਧਿਕਾਰੀਆਂ ਦੇ ਸੰਪਰਕ ਵਿਚ ਰਹਿਣ ਕਾਰਣ ਕਲਰਕ ਕਰਮਚਾਰੀਆਂ ਦੀਆਂ ਇਛਾਵਾਂ ਅਤੇ ਲੋੜਾਂ ਵਧ ਜਾਂਦੀਆਂ ਸਨ। ਈਮਾਨਦਾਰੀ ਨਾਲ ਕੰਮ ਕਰਨ ਦੇ ਫਲਸਰੂਪ, ਨਿਸ਼ਚਤ ਤਨਖਾਹ ਨਾਲ ਮਹੀਨੇ ਦਾ ਨਿਰਬਾਹ ਵੀ ਬੜੀ ਮੁਸ਼ਕਲ ਨਾਲ ਹੁੰਦਾ ਸੀ ਅਤੇ ਆਮ ਕਰਕੇ ਬਾਬੂ ਸ਼ਰੇਣੀ ਦਾ ਪਰਿਵਾਰ ਭੁੱਖ ਮਰੀ ਦਾ ਸ਼ਿਕਾਰ ਹੀ ਸੀ। ਪਰੰਤੂ ਇਸ ਸ਼ਰੇਣੀ ਦੇ ਕੁਝ ਚਤੁਰ ਅਤੇ ਉਚ-ਅਧਿਕਾਰੀਆਂ ਦੇ ਕਿਰਪਾ-ਪਾਤਰ ਕਰਮਚਾਰੀ, ਰਿਸ਼ਵਤ ਦੀ ਆਮਦਨ ਦੇ ਆਧਾਰ ਤੇ ਆਪਣਾ ਜੀਵਨ-ਪੱਧਰ ਉੱਚਾ ਕਰਨ ਦੀ ਕੋਸ਼ਿਸ਼ ਕਰਦੇ ਸਨ। ਕਈ ਵਾਰ, ਇਹ ਆਸਾਮੀਆਂ ਤੋਂ ਸਾਹਿਬਾਂ ਦੇ ਨਾਂ ਤੇ ਵੱਡੀਆਂ ਵੱਡੀਆਂ ਰਾਸ਼ੀਆਂ ਲੈ ਕੇ, ਆਪੇ ਹੀ ਹੜੱਪ ਕਰ ਜਾਂਦੇ ਸਨ। ਅੰਗਰੇਜ਼ੀ ਸਰਕਾਰ ਨੂੰ ਭਾਰਤੀ ਵਸਨੀਕਾਂ ਨਾਲ ਕੋਈ ਪਿਆਰ ਜਾਂ ਨੇੜਤਾ ਵਧਾਉਣ ਦਾ ਚਾਅ ਨਹੀਂ ਸੀ। ਉਨ੍ਹਾਂ ਤਾਂ ਸਾਡੇ ਦੇਸ਼ ਦੀ ਉਪਜ ਦੀ ਲੁੱਟ ਕਰਨੀ ਸੀ ਅਤੇ ਅਧਿਕਾਰੀ ਵਰਗ, ਇਸ ਉਦੇਸ਼ ਵਿਚ, ਉਨ੍ਹਾਂ ਦਾ ਵੱਡਾ ਸਹਾਇਕ ਸੀ।

ਜਿਉਂ ਜਿਉਂ ਅੰਗਰੇਜ਼ੀ ਰਾਜ ਦੀ ਜਕੜ ਮਜ਼ਬੂਤ ਹੁੰਦੀ ਗਈ, ਤਿਉਂ ਤਿਉਂ ਬਾਬੂ (ਕਲਰਕ) ਸ਼ਰੇਣੀ, ਸਾਧਾਰਣ ਲੋਕਾਂ ਤੋਂ ਟੁੱਟ ਕੇ, ਆਪਣੇ ਆਪ ਨੂੰ ਉੱਚ-ਸ਼ਰੇਣੀ ਸਮਝਣ ਲਗ ਪਈ। ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਅੰਗਰੇਜ਼ੀ ਕਾਲ ਵਿਖੇ, ਅੰਗਰੇਜ਼ਾਂ ਵਿਰੁੱਧ ਲੜੇ ਜਾਂਦੇ ਘੋਲਾਂ ਵਿਚ, ਇਸ ਸ਼ਰੇਣੀ ਨੇ ਕਦੇ ਲੋਕਾਂ ਦਾ ਸਾਥ ਦਿੱਤਾ ਹੋਏ। 1947 ਵਿਚ ਦੇਸ਼ ਦੀ ਆਜ਼ਾਦੀ ਅਤੇ ਵੰਡ ਮਗਰੋਂ, ਅੰਗਰੇਜ਼ਾਂ ਦਾ ਉਸਾਰਿਆ ਉਹੀ ਪ੍ਰਬੰਧਕੀ ਢਾਂਚਾ, ਕਾਂਗਰਸ ਸਰਕਾਰ ਨੂੰ ਵਿਰਸੇ ਵਿਚ ਮਿਲਿਆ। ਨਹਿਰੂ ਤੋਂ ਲੈ ਕੇ ਇੰਦਰਾ ਗਾਂਧੀ ਤੱਕ, ਜਿੰਨੀਆਂ ਵੀ ਸਰਕਾਰਾਂ ਇਸ ਦੇਸ਼ ਨੂੰ ਮਿਲੀਆਂ, ਉਨ੍ਹਾਂ ਨੇ ਪੁਰਾਣੇ ਪ੍ਰਬੰਧਕੀ ਢਾਂਚੇ ਨੂੰ ਉਵੇਂ ਦਾ ਉਵੇਂ ਕਾਇਮ ਰੱਖਿਆ ਅਤੇ ਬਾਬੂ ਸ਼ਰੇਣੀ ਦੀ ਮਹੱਤਤਾ ਨੂੰ ਲੋਕਾਂ ਦੇ ਦਿਲਾਂ ਵਿਚ ਹੋਰ ਵਧਾਇਆ। ਇਸ ਲਈ ਸਾਧਾਰਣ ਲੋਕ ਆਪਣੀਆਂ ਜਾਇਦਾਦਾਂ ਨੂੰ ਰਹਿਨ ਕਰਕੇ ਵੀ, ਆਪਣੀ ਔਲਾਦ ਨੂੰ ਪੜ੍ਹਾਉਣ ਲੱਗ ਪਏ। ਪਰੰਤੂ ਪੁਰਾਣੀ ਸਿਖਿਆ ਪ੍ਰਣਾਲੀ ਨੂੰ ਨ ਬਦਲਣ ਕਾਰਣ, ਪੜ੍ਹੇ-ਲਿਖੇ ਨੌਜਵਾਨਾਂ ਦੀ ਗਿਣਤੀ ਵਧਦੀ ਗਈ ਅਤੇ ਅੱਜ ਹਾਲਤ ਇਹ ਹੈ ਕਿ ਲੱਖਾਂ ਦੀ ਗਿਣਤੀ ਵਿਚ ਪੜ੍ਹੇ-ਲਿਖੇ ਗਭਰੂ, ਬੇਕਾਰ ਤੁਰੇ ਫਿਰਦੇ ਹਨ। ਕਲਰਕ ਤਾਂ ਕੀ, ਅੱਜ ਇਨ੍ਹਾਂ ਨੌਜਵਾਨਾਂ ਨੂੰ ਚਪੜਾਸੀ ਦੀ ਨੌਕਰੀ ਵੀ ਦਰਕਾਰ ਨਹੀਂ। ਅਜਿਹਾ ਕੇਵਲ ਇਸ ਕਾਰਣ ਹੋਇਆ ਕਿ ਸਿਖਿਆ ਪ੍ਰਣਾਲੀ ਵਿਚ ਇਨਕਲਾਬੀ ਤਬਦੀਲੀਆਂ ਨਹੀਂ ਕੀਤੀਆਂ ਗਈਆਂ। ਸਕੂਲ ਅਤੇ ਕਾਲਜ, ਕਲਰਕ ਪੈਦਾ ਕਰਨ ਦੀਆਂ ਫੈਕਟਰੀਆਂ ਹੀ ਬਣੀਆਂ ਰਹੀਆਂ।

ਇਸ ਤਰ੍ਹਾਂ ਕੁਝ ਸਮਾਂ ਤਾਂ ਕਾਂਗਰਸ ਸਰਕਾਰ, ਬਾਬੂ ਸ਼ਰੇਣੀ ਲਈ ਵਰਦਾਨ ਸਾਬਤ ਹੋਈ। ਭਰਿਸ਼ਟ ਅਫ਼ਸਰਸ਼ਾਹੀ ਨੇ ਆਪਣੇ ਲਈ, ਸਰਕਾਰ ਤੋਂ ਵਾਧੂ ਸਹੂਲਤਾਂ ਪ੍ਰਾਪਤ ਕੀਤੀਆਂ। ਪਰ ਅਜਿਹਾ ਨਹੀਂ ਕਿ ਬਾਬੂ ਸ਼ਰੇਣੀ ਦੀਆਂ ਕੋਈ ਸਮੱਸਿਆਵਾਂ ਹੀ ਨਹੀਂ ਹਨ। ਨਹਿਰੂ ਸਰਕਾਰ ਦੇ ਸਮੇਂ ਤੋਂ ਹੀ ਭਾਰਤ ਡੂੰਘੇ ਆਰਥਕ-ਸੰਕਟ ਦਾ ਸ਼ਿਕਾਰ ਹੁੰਦਾ ਚਲਾ ਗਿਆ। ਕੁਝ ਭਰਿਸ਼ਟ ਕਰਮਚਾਰੀਆਂ ਨੂੰ ਛੱਡ ਕੇ, ਬਹੁ-ਗਿਣਤੀ ਬਾਬੂ ਸ਼ਰੇਣੀ ਦਾ, ਮਿੱਥੀ ਤਨਖਾਹ ਵਿਚ ਮਹੀਨੇ ਦਾ ਗੁਜ਼ਾਰਾ ਵੀ ਨਹੀਂ ਹੁੰਦਾ। ਇਸ ਕਲਮ ਦੇ ਮਜ਼ਦੂਰ ਨੂੰ ਜੋ ਤਨਖਾਹ ਮਿਲਦੀ ਹੈ, ਹਿਸਾਬ ਕਰਕੇ ਦੇਖਿਆ ਜਾਵੇ ਤਾਂ ਉਹ, ਪੰਜ ਮੈਂਬਰਾਂ ਦੇ ਔਸਤਨ ਪਰਿਵਾਰ ਦੇ, ਇਕ ਹਫ਼ਤੇ ਦੇ ਗੁਜ਼ਾਰੇ ਜੋਗੀ ਹੀ ਹੁੰਦੀ ਹੈ। ਸਰਮਾਏਦਾਰੀ ਵਲੋਂ ਵੇਚੀਆਂ ਜਾਂਦੀਆਂ ਵਸਤਾਂ ਦਾ ਪ੍ਰਲੋਭਨ ਇਸ ਸ਼ਰੇਣੀ ਨੂੰ ਆਪਣੇ ਵੱਲ ਖਿੱਚਦਾ ਹੈ ਪਰ ਇਸ ਦੀਆਂ ਸਸਤੇ ਭਾਅ ਦੇ ਰਾਸ਼ਨ, ਕਪੜੇ ਅਤੇ ਮਕਾਨ ਵਰਗੀਆਂ ਬੁਨਿਆਦੀ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ, ਸਿੱਟੇ ਵਜੋਂ ਰੇਲਵੇ, ਬੀਮਾ, ਬੈਂਕ, ਡਾਕ-ਤਾਰ, ਸਿਵਲ-ਡਿਫੈਂਸ ਆਦਿ ਦੇ ਕਰਮਚਾਰੀਆਂ ਨੇ ਆਪਣੀਆਂ ਯੂਨੀਅਨਾਂ ਬਣਾ ਲਈਆਂ ਅਤੇ ਜਲਸੇ, ਜਲੂਸ ਤੇ ਦੇਸ਼ ਵਿਆਪੀ ਹੜਤਾਲਾਂ ਕਰਕੇ ਅਤੇ ਜੁਝਾਰੂ ਸੰਘਰਸ਼ਾਂ ਰਾਹੀਂ, ਆਪਣੀਆਂ ਉਜਰਤਾਂ ਵਧਾਉਣ ਲਈ, ਸਰਕਾਰ ਉਤੇ ਦਬਾਅ ਪਾਇਆ। ਸਰਕਾਰ ਇਨ੍ਹਾਂ ਕਰਮਚਾਰੀ ਅੰਦੋਲਨਾਂ ਨੂੰ ਕੁਚਲਣ ਵਿਚ ਕਈ ਵਾਰ ਸਫਲ ਹੋਈ। ਪਰੰਤੂ ਕਰਮਚਾਰੀਆਂ ਵਲੋਂ ਲਗਾਤਾਰ ਲੜੇ ਜਾਂਦੇ ਘੋਲਾਂ ਸਾਹਮਣੇ ਸਰਕਾਰ ਨੂੰ ਝੁਕਣਾ ਪਿਆ। ਇਸ ਤਰ੍ਹਾਂ ਇਨ੍ਹਾਂ ਵਿਭਾਗਾਂ ਦੇ ਕਰਮਚਾਰੀਆਂ ਨੇ ਆਪਣੇ ਏਕੇ ਸਦਕਾ, ਸਮੁੱਚੇ ਭਾਰਤ ਦੇ ਬਾਕੀ ਕਰਮਚਾਰੀਆਂ ਤੋਂ ਵੱਧ ਤਨਖਾਹਾਂ ਤੇ ਸਹੂਲਤਾਂ ਪ੍ਰਾਪਤ ਕੀਤੀਆਂ। ਜਿਵੇਂ 2

ਬਾਬੂ ਸ਼ਰੇਣੀ ਦੀਆਂ ਤਨਖਾਹਾਂ ਵਿਚ ਵਾਧਾ ਹੁੰਦਾ ਗਿਆ, ਤਿਵੇਂ 2 ਕੀਮਤਾਂ ਦਾ ਸੂਚਕ ਅੰਕ ਵੀ ਵਧਦਾ ਗਿਆ। ਅਜੇ ਗਲਤ ਇਹ ਹੈ ਕਿ ਜਦੋਂ ਕਰਮਚਾਰੀਆਂ ਦੀ ਤਨਖਾਹ ਵੱਧਦੀ ਹੈ ਤਾਂ ਕੀਮਤਾਂ ਉਸ ਤੋਂ ਡਿਉਢ ਗੁਣਾਂ ਵੱਧ ਜਾਂਦੀਆਂ ਹਨ। ਸਰਮਾਏਦਾਰੀ ਵਿਕਾਸ ਦੇ ਰਾਹ ਉੱਤੇ ਪਈ ਅਜੋਕੀ ਸਰਕਾਰ, ਨਾ ਤਾਂ ਕੀਮਤਾਂ ਉੱਤੇ ਕਾਬੂ ਪਾ ਸਕਦੀ ਹੈ ਅਤੇ ਨ ਹੀ ਕਰਮਚਾਰੀਆਂ ਦੀਆਂ ਨਿੱਤ ਦੀਆਂ ਜੀਵਨ ਲੋੜਾਂ ਪੂਰੀਆਂ ਕਰਨ ਲਈ ਤਨਖਾਹ ਹੀ ਦੇ ਸਕਦੀ ਹੈ।

ਇਸੇ ਪਰਸੰਗ ਵਿਚ ਹੁਣ ਅਸੀਂ 1947 ਤੋਂ ਪਿੱਛੋਂ ਪੰਜਾਬ ਸਰਕਾਰ ਦੀ ਕਾਰਗੁਜਾਰੀ ਨੂੰ ਦੇਖੀਏ ਤਾਂ ਗੋਪੀ ਚੰਦ ਭਾਰਗਵਾ ਦੀ ਸਰਕਾਰ ਤੋਂ ਲੈ ਕੇ ਸੱਚਰ ਅਤੇ ਪ੍ਰਤਾਪ ਸਿੰਘ ਕੈਰੋਂ ਤੱਕ, ਪੰਜਾਬ ਦਾ ਸਮੁੱਚਾ ਕਰਮਚਾਰੀ ਵਰਗ, ਆਰਥਕ ਪੱਖੋਂ ਬੇਹੱਦ ਪੀੜਤ ਰਿਹਾ। ਬਾਬੂ ਵਰਗ ਵਿਚ ਆਮ ਪ੍ਰਚਲਤ, ਅੰਗਰੇਜ਼ੀ ਪੁਸ਼ਾਕ (ਪੈਂਟ-ਕੋਟ), ਪ੍ਰਤਾਪ ਸਿੰਘ ਕੈਰੋਂ ਦੀਆਂ ਅੱਖਾਂ ਵਿਚ ਬਹੁਤ ਰੜਕਦੀ ਸੀ। ਪੰਜਾਬ ਵਿਚ ਇਨ੍ਹਾਂ ਕਰਮਚਾਰੀਆਂ ਦੀਆਂ ਰੋਸ ਲਹਿਰਾਂ, ਹੌਲੀ ਹੌਲੀ ਉਭਰ ਰਹੀਆਂ ਸਨ। ਇਨ੍ਹਾਂ ਕਰਮਚਾਰੀਆਂ ਦੇ ਲੀਡਰ, ਜਦੋਂ ਕੈਰੋਂ ਸਾਹਬ ਨੂੰ ਮਿਲਦੇ ਤਾਂ ਕਈ ਵਾਰ, ਉਹ ਅੱਗੋਂ ਹੱਸ ਕੇ ਆਖਿਆ ਕਰਦਾ—ਤੁਸੀਂ ਜਿਹੜੇ ਢਾਈ 2, ਤਿੰਨ 2 ਸੌ ਦੇ ਸੂਟ ਪਾਏ ਹੋਏ ਹਨ, ਮੈਂ ਤਾਂ ਇਹ ਵੀ ਲੁਹਾ ਕੇ, ਕਛਹਿਰੇ ਅਤੇ ਬੁਨੈਣਾਂ, ਪੁਆ ਕੇ, ਤੁਹਾਨੂੰ ਦਫ਼ਤਰਾਂ ਵਿਚ ਬੈਠਿਆਂ ਦੇਖਣਾ ਚਾਹੁੰਦਾ ਹਾਂ (ਭਾਵੇਂ ਕੋਟ ਦੇ ਹੇਠਾਂ ਬਾਬੂ ਨੇ ਪਾਈ ਕਮੀਜ਼ ਤੇ ਲੀਰੋ-ਲੀਰ ਬਨੈਣ ਹੀ ਪਾਈ ਹੋਵੇ)। ਸੁਰਗਪੁਰੀ ਨੂੰ ਤੁਰ ਜਾਣ ਕਰਕੇ, ਕੈਰੋਂ ਸਾਹਬ ਦਾ ਇਹ ਸੁਪਨਾ ਸਾਕਾਰ ਨਾ ਹੋ ਸਕਿਆ।

ਵੈਸੇ ਤਾਂ 1951-52 ਤੋਂ ਹੀ, ਜਦੋਂ ਪੰਜਾਬ ਸਿਵਲ ਸਕਤਰੇਤ ਅਜੇ ਸ਼ਿਮਲੇ ਵਿਚ ਸੀ, ਸ੍ਰੀ ਵਿਸ਼ਵਾਨਾਥ, ਸ੍ਰ: ਪਿਆਰਾ ਸਿੰਘ, ਸ੍ਰੀ ਬਸੰਤ ਰਾਏ ਦੱਤਾ, ਸ੍ਰੀ ਮੇਹਰ ਚੰਦ ਚੌਧਰੀ, ਸ੍ਰੀ ਪ੍ਰੇਮ ਸਾਗਰ ਆਦਿਕ ਸਿਰਫ ਸਕਤਰੇਤ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ, ਰੋਸ ਮੁਜ਼ਾਹਰੇ ਕਰਿਆ ਕਰਦੇ ਸਨ। ਇਨ੍ਹਾਂ ਵਿਚੋਂ ਸ੍ਰੀ ਬਸੰਤ ਰਾਏ ਨੂੰ ਪਾਗਲ ਕਰਾਰ ਦੇ ਕੇ ਨੌਕਰੀ ਤੋਂ ਕੱਢ ਦਿੱਤਾ ਗਿਆ। ਸ੍ਰ: ਪਿਆਰਾ ਸਿੰਘ ਨੂੰ, ਉਸ ਵੇਲੇ ਦੇ ਚੀਫ ਸਕੱਤਰ ਸ੍ਰ. ਨਵਾਬ ਸਿੰਘ ਨੂੰ ਡਿਸਮਿਸ ਕਰ ਦਿੱਤਾ ਅਤੇ ਰਹਿੰਦੇ ਕਰਮਚਾਰੀ ਆਗੂਆਂ ਨੂੰ ਵੀ ਮੁਅੱਤਲ ਕਰ ਦਿੱਤਾ ਸੀ। ਪਰੰਤੂ ਕੈਰੋਂ ਸਾਹਬ ਦੇ ਸਮੇਂ ਵਿਚ ਸਭ ਤੋਂ ਪਹਿਲਾਂ ਪਟਵਾਰੀ ਸ਼ਰੇਣੀ ਨੇ ਆਪਣਾ ਵਿਸ਼ਾਲ ਘੋਲ ਅਰੰਭਿਆ। ਕੈਰੋਂ ਸਰਕਾਰ ਨੇ ਪਟਵਾਰੀਆਂ ਦੇ ਇਸ ਅੰਦੋਲਨ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ। ਕੈਰੋਂ ਸਾਹਬ ਦੇ ਤੁਰ ਜਾਣ ਪਿਛੋਂ ਅਖੌਤੀ ਕਾਮਰੇਡ ਰਾਮ ਕ੍ਰਿਸ਼ਨ ਜੀ ਨੇ ਪੰਜਾਬ ਸਰਕਾਰ ਦੀ ਵਾਗਡੋਰ ਸੰਭਾਲੀ। ਜ਼ਾਲਮ ਡਿਕਟੇਟਰ ਪ੍ਰਤਾਪ ਸਿੰਘ ਕੈਰੋਂ ਦੇ ਮਰਨ ਪਿੱਛੋਂ ਕਰਮਚਾਰੀਆਂ ਨੇ ਆਪਣੇ ਆਪ ਨੂੰ ਏਕੇ ਦੀ ਲੜੀ ਵਿਚ ਪਰੋਣਾ ਸ਼ੁਰੂ ਕੀਤਾ ਅਤੇ ਇਸ ਏਕੇ ਦੀ ਅਗਵਾਈ ਅਧਿਆਪਕ ਵਰਗ ਨੇ ਕੀਤੀ। ਕਾਮ-ਰੇਡ ਰਾਮਕ੍ਰਿਸ਼ਨ ਜੀ, ਆਪਣੀ ਆਦਤ ਅਨੁਸਾਰ, ਧੂਆਂਧਾਰ ਭਾਸ਼ਣ ਦੇਂਦੇ ਅਤੇ ਕਰਮਚਾਰੀਆਂ ਦੀਆਂ ਰੈਲੀਆਂ ਨੂੰ ਵੀ ਸੰਬੋਧਨ ਕਰਦੇ। ਪਰ ਇਹ ਸਭ ਭਾਸ਼ਣ ਫੋਕੀ ਲਫ਼ਾਜ਼ੀ ਹੁੰਦੇ ਸਨ। ਕਾਮਰੇਡ ਰਾਮਕ੍ਰਿਸ਼ਨ ਤੋਂ ਮਗਰੋਂ ਪੰਜਾਬ ਸਰਕਾਰ ਦੀ ਵਾਗ ਡੋਰ ਗਿ: ਗੁਰਮੁਖ ਸਿੰਘ ਮੁਸਾਫ਼ਰ ਦੇ ਹੱਥਾਂ ਵਿਚ ਆਈ। ਇਸ ਸਮੇਂ ਤਕ ਸਮੁੱਚਾ ਕਰਮਚਾਰੀ ਵਰਗ ਕਾਂਗਰਸ ਸਰਕਾਰ ਤੋਂ ਬੁਰੀ ਤਰ੍ਹਾਂ ਸੱਤ ਚੁਕਿਆ ਸੀ। ਇਸ ਸਮੇਂ ਵਿਚ ਕੁਝ ਅਗਾਂਹ-ਵਧੂ ਆਗੂਆਂ, ਜਿਵੇਂ ਸ੍ਰੀ ਪ੍ਰੇਮ ਸਾਗਰ, ਸ੍ਰੀ ਤਰਲੋਕ ਨਾਥ, ਸ. ਰਣਬੀਰ ਸਿੰਘ ਢਿਲੋਂ ਅਤੇ ਸ. ਤਰਲੋਚਨ ਸਿੰਘ ਰਾਣਾ ਹੋਰਾਂ ਨੇ ਇਸ ਕਰਮਚਾਰੀ ਵਰਗ ਦੀ ਅਗਵਾਈ ਕੀਤੀ। ਉਨ੍ਹਾਂ ਨੇ 1966 ਤੋਂ ਲੈ ਕੇ 1974-75 ਤਕ ਸਫਲ ਹੜਤਾਲਾਂ ਕਰਵਾਈਆਂ ਅਤੇ ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀਆਂ ਬਹੁਤ ਸਾਰੀਆਂ ਮੰਗਾਂ ਨੂੰ ਗਿੱਲ, ਬਾਦਲ ਅਤੇ ਗਿ: ਜ਼ੈਲ ਸਿੰਘ ਸਰਕਾਰਾਂ ਤੋਂ ਮਨਵਾਉਣ ਵਿਚ ਬਹੁਤ ਹੱਦ ਤਕ ਸਫ਼ਲ ਰਹੇ।

ਪਰੰਤੂ ਇਥੇ ਇਹ ਨਾ ਸਮਝ ਲਿਆ ਜਾਵੇ ਕਿ ਸਮੁੱਚਾ ਕਰਮਚਾਰੀ ਵਰਗ ਹੀ ਚੇਤੰਨ ਹੋ ਗਿਆ ਸੀ। ਜਨ ਸਧਾਰਨ ਨਾਲ ਸੰਬੰਧਤ ਵਿਭਾਗਾਂ ਦੇ ਜਿਨ੍ਹਾਂ ਕਰਮਚਾਰੀਆਂ ਦੇ ਮੂੰਹ ਰਿਸ਼ਵਤ ਦਾ ਖ਼ੂਨ ਲੱਗ ਚੁੱਕਾ ਹੋਵੇ, ਉਨ੍ਹਾਂ ਕਦੇ ਵੀ ਉਠਦੀਆਂ ਕਰਮਚਾਰੀ ਲਹਿਰਾਂ ਦਾ ਸਾਥ ਨਹੀਂ ਦਿੱਤਾ। ਲੰਮੇ ਸਮੇਂ ਤੋਂ ਚਲੇ ਆਉਂਦੇ ਕਾਂਗਰਸ ਰਾਜ ਤੋਂ ਜਿਥੇ ਜਨ-ਸਾਧਾਰਣ ਅਤਿ ਪੀੜਤ ਸੀ, ਉਥੇ ਕਰਮਚਾਰੀ ਵਰਗ ਵੀ ਸੰਤੁਸ਼ਟ ਨਹੀਂ ਸੀ। ਸਰਕਾਰੀ ਵਿਭਾਗਾਂ ਵਿਚ ਭਾਵੇਂ ਵੱਖੋ ਵੱਖ ਸਿਆਸੀ ਪਾਰਟੀਆਂ ਦੇ ਸੈੱਲ ਕਾਇਮ ਹੋ ਚੁਕੇ ਸਨ, ਪਰੰਤੂ ਬਾਬੂ ਸ਼ਰੇਣੀ ਦੀ ਅਗਵਾਈ ਸ੍ਰੀ ਤਰਲੋਕ ਨਾਥ ਅਧੀਨਸਥ ਸੇਵਾਵਾਂ ਦੀ ਪ੍ਰਧਾਨਗੀ ਖ਼ਤਮ ਹੋਣ ਪਿੱਛੋਂ, ਬਹੁਤੀ ਕਰਕੇ ਸ੍ਰੀ ਰਣਬੀਰ ਢਿਲੋਂ ਦੇ ਹੱਥ ਵਿਚ ਹੀ ਰਹੀ। ਸ੍ਰੀ ਰਣਬੀਰ ਢਿਲੋਂ ਆਪ ਅਧਿਆਪਕ ਵਰਗ ਨਾਲ ਸੰਬੰਧਤ ਹੋਣ ਕਰਕੇ, ਬਾਬੂ ਵਰਗ ਦੀਆਂ ਸਮੱਸਿਆਵਾਂ ਨੂੰ ਸਮਝਣ ਵਿਚ ਅਸਮਰਥ ਹਨ। ਇਸ ਲਈ ਅੱਜ ਤਕ, ਅਧਿਆਪਕ ਵਰਗ ਦੀ ਯੂਨੀਅਨ ਤੋਂ ਸਿਵਾ, ਬਾਬੂ ਵਰਗ ਦੀ ਯੂਨੀਅਨ ਨਹੀਂ ਬਣ ਸਕੀ। ਜਿਸ ਦੇ ਕੁਝ ਕਾਰਣ ਹਨ—ਜਿਵੇਂ ਕਿ ਪਹਿਲਾਂ ਦੱਸਿਆ

ਜਾ ਚੁਕਿਆ ਹੈ ਕਿ ਬਾਬੂ ਵਰਗ, ਸਰਕਾਰੀ ਮਸ਼ੀਨਰੀ ਨੂੰ ਚਲਾਉਣ ਵਾਲਾ, ਇਕ ਖ਼ਾਸ ਪੁਰਜ਼ਾ ਹੈ। ਅਧਿਕਾਰੀਆਂ ਵੱਲੋਂ ਘੜੀਆਂ ਸਾਰੀਆਂ ਪਾਲਸੀਆਂ ਅਤੇ ਸਕੀਮਾਂ ਨੂੰ ਇਸੇ ਸ਼ਰੇਣੀ ਨੇ ਹੀ ਸਿਰੇ ਚੜ੍ਹਾਉਣਾ ਹੁੰਦਾ ਹੈ। ਇਸ ਲਈ ਜੇਕਰ ਬਾਬੂ ਸ਼ਰੇਣੀ ਨੂੰ, ਸਰਕਾਰੀ ਮਸ਼ੀਨਰੀ ਦਾ ਧੁਰਾ ਕਹਿ ਲਈਏ ਤਾਂ ਅਤਿ-ਕਥਨੀ ਨਹੀਂ ਹੋਵੇਗੀ। ਵੱਖੋ ਵੱਖ ਵਰਗ ਦੇ ਕਰਮਚਾਰੀਆਂ ਦਾ, ਆਪਣੀਆਂ ਸੇਵਾ-ਪੱਤਰੀਆਂ, ਨਿੱਜੀ ਮਿਸਲਾਂ, ਤਰੱਕੀਆਂ ਅਤੇ ਵਿਭਾਗੀ ਜਾਂਚ ਪੜਤਾਲਾਂ ਸੰਬੰਧੀ ਹਰ ਕੰਮ ਲਈ, ਇਨ੍ਹਾਂ ਨਾਲ ਵਾਹ ਪੈਂਦਾ ਹੈ। ਵੱਖ ਵੱਖ ਵਿਭਾਗਾਂ ਦੇ ਬਾਬੂ ਕਈ ਅਜਿਹੀਆਂ ਅਸਾਮੀਆਂ ਉੱਤੇ ਨਿਯੁਕਤ ਹੁੰਦੇ ਹਨ, ਜਿਥੇ ਜਨ-ਸਾਧਾਰਣ ਤੋਂ ਇਲਾਵਾ ਨਾਨ-ਕਲੈਰੀਕਲ ਕਰਮਚਾਰੀਆਂ ਦਾ ਇਨ੍ਹਾਂ ਨਾਲ ਵਾਹ ਪੈਂਦਾ ਹੈ। ਇਨ੍ਹਾਂ ਅਸਾਮੀਆਂ ਉੱਤੇ ਕੰਮ ਕਰਦੇ ਕਰਮਚਾਰੀ ਰੱਜ ਕੇ ਰਿਸ਼ਵਤਖੋਰੀ ਕਰਦੇ ਹਨ। ਪਰੰਤੂ ਅਜਿਹੇ ਬਾਬੂਆਂ ਦੀ ਗਿਣਤੀ ਬਹੁਤ ਘੱਟ ਹੈ। ਜ਼ਿਆਦਾਤਰ ਵਿਭਾਗਾਂ ਵਿਚ ਕੰਮ-ਵੰਡ ਇਸ ਤਰ੍ਹਾਂ ਹੁੰਦੀ ਹੈ ਕਿ ਅਫ਼ਸਰਾਂ ਦੇ ਕਿਰਪਾ-ਪਾਤਰ ਕਲਰਕ ਤਾਂ ਮਹੀਨੇ ਮਗਰੋਂ ਆਪਣੀ ਤਨਖਾਹ ਦੇ ਹੀ ਭਾਈਵਾਲ ਹੁੰਦੇ ਹਨ ਅਤੇ ਜਿਹੜੇ ਕਰਮਚਾਰੀ ਇਸ ਕਿਰਪਾ ਤੋਂ ਵਾਂਝਿਆਂ ਰਹਿੰਦੇ ਹਨ, ਉਨ੍ਹਾਂ ਦੀ ਹਾਲਤ ਕੋਹਲੂ ਦੇ ਬਲਦ ਤੋਂ ਵਖਰੀ ਨਹੀਂ ਹੁੰਦੀ। ਮਿਸਲਾਂ ਦੇ ਢੇਰ ਉਨ੍ਹਾਂ ਦੀਆਂ ਮੇਜ਼ਾਂ ਉੱਤੇ ਲੱਗੇ ਦੇਖੇ ਜਾ ਸਕਦੇ ਹਨ ਅਤੇ ਦਫ਼ਤਰੀ ਸਮੇਂ ਤੋਂ ਪਿਛੋਂ ਮਿਸਲਾਂ ਦੇ ਬਸਤੇ, ਇਨ੍ਹਾਂ ਬਾਬੂਆਂ ਦੀਆਂ ਸਾਈਕਲਾਂ ਪਿਛੇ ਲੱਦੇ ਹੋਏ ਹੁੰਦੇ ਹਨ।

ਦੂਜੇ ਪੇ-ਕਮਿਸ਼ਨ ਦੀ ਰਿਪੋਰਟ ਦੇ ਆਧਾਰ ਉੱਤੇ ਪੰਜਾਬ ਵਿਚ ਸੰਨ 1978 ਵਿਚ ਪਹਿਲੇ ਦਰਜੇ ਦੀਆਂ ਅਸਾਮੀਆਂ ਦੀ ਗਿਣਤੀ 1699, ਦੂਜੇ ਦਰਜੇ ਦੀਆਂ ਅਸਾਮੀਆਂ ਦੀ ਗਿਣਤੀ 4270, ਤੀਜੇ ਦਰਜੇ ਦੀਆਂ ਅਸਾਮੀਆਂ ਦੀ ਗਿਣਤੀ 152227 (ਜਿਨ੍ਹਾਂ ਵਿਚੋਂ ਕਲਰਕ ਸ਼ਰੇਣੀ ਦੀਆਂ ਅਸਾਮੀਆਂ ਦੀ ਗਿਣਤੀ 28154 ਹੈ) ਅਤੇ ਚੌਥੀ ਸ਼ਰੇਣੀ ਦੀਆਂ ਅਸਾਮੀਆਂ ਦੀ ਗਿਣਤੀ 39476 ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਤੀਜੀ ਸ਼ਰੇਣੀ ਦੇ ਕਰਮਚਾਰੀਆਂ ਦੀ ਗਿਣਤੀ ਸਭ ਤੋਂ ਵੱਧ ਹੈ ਅਤੇ ਇਨ੍ਹਾਂ ਵਿਚੋਂ ਕਲਰਕ ਸ਼ਰੇਣੀ ਦੇ ਕਰਮਚਾਰੀਆਂ ਦੀ ਗਿਣਤੀ, ਦੂਜੀਆਂ ਸ਼ਰੇਣੀਆਂ (ਪਹਿਲੀ, ਦੂਜੀ, ਚੌਥੀ) ਦੇ ਕਰਮਚਾਰੀਆਂ ਨਾਲੋਂ ਵੱਧ ਹੈ। ਇਸਦੇ ਬਾਵਜੂਦ ਅੱਜ ਤੱਕ ਇਨ੍ਹਾਂ ਕਰਮਚਾਰੀਆਂ ਦੀ ਕੋਈ ਜਥੇਬੰਦੀ ਨਹੀਂ ਬਣ ਸਕੀ ਤੇ ਹੁਣ ਤੱਕ ਇਨਾਂ ਸਰਕਾਰ ਵਿਰੁੱਧ ਚਲੀਆਂ ਕਰਮਚਾਰੀ ਲਹਿਰਾਂ ਦੀ ਅਗਵਾਈ, ਦੂਜੀਆਂ ਜਥੇਬੰਦੀਆਂ ਦੇ ਹੱਥ ਵਿਚ ਹੀ ਰਹੀ! ਤਕਨੀਕੀ ਕਾਮਿਆਂ, ਅਧਿਆਪਕਾਂ, ਡਾਕਟਰਾਂ, ਇਥੋਂ ਤੱਕ ਕਿ ਪਹਿਲੇ ਤੇ ਦੂਜੇ ਦਰਜੇ ਦੇ ਅਧਿਕਾਰੀਆਂ ਦੀਆਂ ਜਥੇਬੰਦੀਆਂ ਵੀ ਕੰਮ ਕਰ ਰਹੀਆਂ ਹਨ। ਚੌਥੇ ਦਰਜੇ ਦੇ ਕਰਮਚਾਰੀਆਂ ਦੀ ਯੂਨੀਅਨ ਦੇ ਕੰਮਾਂ ਦੀ ਜਿਤਨੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਇਸ ਜਥੇਬੰਦ ਜੁਝਾਰੂ ਸ਼ਰੇਣੀ ਦੀਆਂ ਪ੍ਰਾਪਤੀਆਂ ਆਪਣੀ ਪਹੁੰਚ ਤੋਂ ਕਿਧਰੇ ਵੱਧ ਹਨ।

ਇਸ ਤਰ੍ਹਾਂ ਕਲਰਕ ਸ਼ਰੇਣੀ ਨੂੰ ਟਰੇਡ ਯੂਨੀਅਨ ਅਧਿਕਾਰਾਂ ਬਾਰੇ ਸੁਚੇਤ ਨਹੀਂ ਮੰਨਿਆ ਜਾ ਸਕਦਾ। ਇਸ ਸ਼ਰੇਣੀ ਨੂੰ ਸਮਾਜਕ ਵਿਵਸਥਾ ਵਿਚ ਆਪਣੀ ਹੋਂਦ ਰੱਖਣ ਦੀ ਵਕਤੀ ਲੋੜ ਕਾਰਣ, ਸਰਮਾਏਦਾਰੀ ਲੁੱਟ ਦਾ ਅਣਜਾਣੇ ਵਿਚ ਸ਼ਿਕਾਰ ਹੋਣਾ ਪੈ ਰਿਹਾ ਹੈ। ਕਿਉਂ ਕਿ ਮੌਜੂਦਾ ਲੋਟੂ ਢਾਂਚੇ ਦੀ ਬਣਤਰ ਸੰਬੰਧੀ, ਇਸ ਸ਼ਰੇਣੀ ਦੀ ਸਮਝ ਪ੍ਰਪਖਤਾ ਨਹੀਂ ਹੈ। ਵਿਗਿਆਨਕ ਜੁੱਗ ਦੇ ਵਿਕਾਸ ਨਾਲ, ਸਮਾਜੀ ਸੋਚ ਨੂੰ ਜੋੜਨਾ ਇਸ ਸ਼ਰੇਣੀ ਦਾ ਮੁੱਖ ਕਰਤੱਵ ਹੋਣਾ ਚਾਹੀਦਾ ਹੈ। ਤਾਂ ਜੋ ਇਹ ਆਪਣੇ ਆਪ ਨੂੰ ਏਕੇ ਦੀ ਲੜੀ ਵਿਚ ਪਿਰੋ ਕੇ, ਆਪ ਅਤੇ ਆਪਣੇ ਪਰਿਵਾਰਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵਾਸਤੇ, ਲੋੜ ਅਨੁਸਾਰ ਵੇਤਨ ਦੀ ਮੰਗ ਸਰਕਾਰ ਤੋਂ ਮੰਨਵਾ ਸਕੇ।

ਕਲਰਕ ਸ਼ਰੇਣੀ ਨੂੰ ਜਥੇਬੰਦ ਕਰਨ ਲਈ ਸੰਨ 1971 ਤੋਂ ਚੰਡੀਗੜ੍ਹ ਵਿਖੇ ਕੋਸ਼ਿਸ਼ਾਂ ਜਾਰੀ ਹਨ। ਸਾਥੀ ਕੇਵਲ ਰਾਮ ਸ਼ਰਮਾ, ਸਹਾਇਕ, ਖੇਤੀਬਾੜੀ ਵਿਭਾਗ, ਪੰਜਾਬ ਅਤੇ ਸਾਥੀ ਖੁਸ਼ਹਾਲ ਸਿੰਘ ਕਰਮਵਾਰ ਪ੍ਰਧਾਨ ਅਤੇ ਜਨਰਲ ਸਕੱਤਰ ਹਨ। ਚੰਡੀਗੜ੍ਹ ਵਿਚ ਇਨ੍ਹਾਂ ਦੀ ਸੰਸਥਾ ਨੇ ਇਕੋ ਜਿਹੇ ਕੰਮ ਦੀ, ਇੱਕੋ ਜਿਹੀ ਤਨਖਾਹ ਦਾ ਨਾਅਰਾ ਲਾ ਕੇ ਬਾਰਾਂ-ਤੇਰਾਂ ਡਾਇਰੈਕਟੋਰੇਟਾਂ ਦੇ ਸਟਾਫ਼ ਦੇ ਗਰੇਡ, ਸਰਕਾਰ ਕੋਲੋਂ ਸੁਧਾ ਲਏ ਹਨ। ਦੋਵੇਂ ਸਾਥੀ ਜ਼ਿਲਾ ਪੱਧਰ ਤੇ Ministerial service union ਨਾਂ ਹੇਠਾਂ, ਬਾਬੂ ਸ਼ਰੇਣੀ ਨੂੰ ਜਥੇਬੰਦ ਕਰਨ ਲਈ ਰੁੱਝੇ ਹੋਏ ਹਨ। ਵੇਖੀਏ ਇਹ ਡੱਡੂਆਂ ਦੀ ਪੰਸੇਰੀ ਨੂੰ ਤੋਲ ਸਕਣਗੇ।

—ਬਚਨ ਸਿੰਘ ਸ਼ਰਮਾ—ਪਟਿਆਲਾ

O

## 2. ਅਜੋਕੀ ਪੰਜਾਬੀ ਜਨ-ਪੱਖੀ ਕਹਾਣੀ ਤੇ ਇਲਾਕਾਈ ਯਥਾਰਥ

ਪਿਛਲੇ ਦਿਨੀਂ 'ਸੰਪਰਕ' ਰਸਾਲੇ ਲਈ ਹਿੰਦੀ ਕਥਾ-ਸਾਹਿਤ ਵਿਚ ਪ੍ਰਗਟਾਏ ਪੰਜਾਬ ਦੇ ਜਨ-ਜੀਵਨ ਦੀ ਵਾਸਤਵਿਕਤਾ' ਵਿਸ਼ੇ ਉਤੇ ਲੇਖ ਲਿਖਣ ਦੇ ਦੌਰਾਨ ਕਈ ਦਿਲਚਸਪ ਤੱਥ ਉੱਭਰ ਕੇ ਸਾਹਮਣੇ ਆਏ। ਪੰਜਾਬ ਦੇ ਜਨ-ਜੀਵਨ ਬਾਰੇ ਵੰਡ ਤੋਂ ਪਹਿਲਾਂ ਦੀਆਂ

ਕਹਾਣੀਆਂ ਵਿਚ ਜਾਗੀਰੂ ਸਭਿਆਚਾਰ ਨੂੰ ਆਦਰਸ਼ ਦੇ ਤਾਣੇ-ਬਾਣੇ ਵਿਚ ਚਿਤਰਿਆ ਗਿਆ ਹੈ। ਇਹਨਾਂ ਕਹਾਣੀਆਂ ਦੀ ਪਹੁੰਚ ਰੋਮਾਨੀ ਹੈ। ਪੰਜਾਬ ਦੇ ਜੀਵਨ ਬਾਰੇ ਦੂਸਰੀਆਂ ਕਹਾਣੀਆਂ ਵੰਡ ਤੋਂ ਬਾਅਦ ਦੀਆਂ ਹਨ, ਪਰ ਇਸ ਵਿਚ ਪਹਿਲੇ ਰਿਸ਼ਤਿਆਂ ਪ੍ਰਤੀ ਮੋਹ ਹੈ। ਇਸ ਦਾ ਕਾਰਣ ਬਦਲੇ ਹੋਏ ਸਮਾਜਿਕ ਰਿਸ਼ਤਿਆਂ ਨੂੰ ਨਾ ਸਹਿ ਸਕਣ ਦਾ ਸੰਕਟ ਹੈ। ਇਸ ਦੌਰ ਤੋਂ ਪਿੱਛੋਂ ਲਿਖੀਆਂ ਗਈਆਂ ਕਹਾਣੀਆਂ, ਵਿਸ਼ੇਸ਼ ਤੌਰ ਤੇ ਸਤਵੇਂ ਅਤੇ ਅਠਵੇਂ ਦਹਾਕੇ ਦੀਆਂ, ਵਿਚ ਇਲਾਕਾਈ ਪਛਾਣ ਨਹੀਂ ਮਿਲਦੀ। ਬਹੁਤੀ ਕਹਾਣੀਆਂ ਸ਼ਹਿਰੀ ਮੱਧ-ਵਰਗ ਦੀਆਂ ਹਨ ਅਤੇ ਇਸ ਵਿਚੋਂ ਇਲਾਕਾਈ ਸਮਾਜਿਕ ਯਥਾਰਥ ਨੂੰ ਤਿਆਗ ਕੇ, ਵਿਆਪਕ ਚਰਿੱਤਰ ਇਖ਼ਤਿਆਰ ਕਰ ਲਿਆ ਗਿਆ ਹੈ। ਇਹਨਾਂ ਕਹਾਣੀਆਂ ਦਾ ਰੁਝਾਨ ਮਹਾਂਨਗਰੀ ਚੇਤਨਾ ਦਾ ਹੈ। ਇਸ ਤਰ੍ਹਾਂ ਹਿੰਦੀ ਵਿਚ ਲਿਖੀਆਂ ਗਈਆਂ ਪੰਜਾਬੀ ਕਹਾਣੀਕਾਰਾਂ ਦੀਆਂ ਕਹਾਣੀਆਂ ਇਲਾਕਾਈ ਯਥਾਰਥ ਤੋਂ ਕੱਟੀਆਂ ਹੋਈਆਂ ਹਨ।

ਜਿੱਥੇ ਹਿੰਦੀ ਕਹਾਣੀਆਂ ਦਾ ਰੁਝਾਨ ਇਲਾਕਾਈ ਪਛਾਣ ਤੋਂ ਮੁਨਕਰ ਅਤੇ ਪੇਂਡੂ ਜੀਵਨ ਤੋਂ ਸੱਖਣਾ ਹੈ, ਉਥੇ ਪੰਜਾਬੀ ਕਹਾਣੀ ਵਿਚ ਸਭ ਤੋਂ ਵਧ ਕਹਾਣੀਆਂ ਪੇਂਡੂ ਜੀਵਨ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਹਨ। ਸ਼ਹਿਰੀ ਜੀਵਨ ਬਾਰੇ ਵੀ ਜੋ ਕਹਾਣੀਆਂ ਲਿਖੀਆਂ ਗਈਆਂ ਹਨ, ਉਸ ਵਿਚ ਇਲਾਕਾਈ ਪਛਾਣ ਦੇ ਕੁਝ ਨ ਕੁਝ ਤੱਤ ਜ਼ਰੂਰ ਮਿਲਦੇ ਹਨ। ਇਹ ਰੁਝਾਨ ਨਵੀਂ ਉੱਭਰਦੀ ਪੰਜਾਬ ਦੀ ਜਨ-ਪੱਖੀ ਹਿੰਦੀ ਕਹਾਣੀ ਵਿਚ ਵੇਖਿਆ ਜਾ ਸਕਦਾ ਹੈ। ਇਸੇ ਸੰਬੰਧ ਵਿਚ ਸੁਰਿੰਦਰ ਮਨਨ ਦੀ ਕਹਾਣੀ 'ਜ਼ਮੀਨ' (ਕਥਨ ਮਾਸਿਕ) ਵੇਖੀ ਜਾ ਸਕਦੀ ਹੈ। ਇਸ ਸਥਿਤੀ ਵਿਚ ਅਸੀਂ ਵੇਖਦੇ ਹਾਂ ਕਿ ਇਹ ਜਨ-ਪੱਖੀ ਹਿੰਦੀ ਕਹਾਣੀ ਪੰਜਾਬੀ ਕਹਾਣੀ ਤੋਂ ਕੁਝ ਸਿਖਣ ਦੀ ਸਥਿਤੀ ਵਿਚ ਹੈ। 'ਨਿਰਝਰ-34'* ਦੇ ਪੰਜਾਬੀ ਕਹਾਣੀ ਅੰਕ ਨੂੰ ਇਸੇ ਪਰਿਪੇਖ ਵਿਚ ਰੱਖ ਕੇ ਵੇਖਿਆ ਜਾਣਾ ਚਾਹੀਦਾ ਹੈ। ਨਿਰਝਰ ਦਾ ਪ੍ਰਸਤੁਤ ਅੰਕ ਉਹ ਝਰੋਖਾ ਹੈ, ਜਿਸ 'ਚੋਂ ਪੰਜਾਬ ਦੇ ਹਿੰਦੀ ਕਹਾਣੀਕਾਰ ਪੰਜਾਬੀ ਕਹਾਣੀ ਦਾ ਯਥਾਰਥ ਵੇਖ ਸਕਦੇ ਹਨ।

ਨਿਰਝਰ ਦੇ ਇਸ ਅੰਕ ਦੀ ਸੰਪਾਦਨਾ ਅਵਤਾਰ ਜੌੜਾ ਅਤੇ ਗੁਰਬਚਨ ਨੇ ਕੀਤੀ ਹੈ। ਇਸ ਵਿਚ ਕੁੱਲ 13 ਕਹਾਣੀਆਂ ਦਿਤੀਆਂ ਗਈਆਂ ਹਨ। ਬਹੁਤੀ ਕਹਾਣੀਆਂ ਦਾ ਸੰਬੰਧ ਪਿੰਡ ਵਿਚਲੀ ਆਰਥਿਕ ਵਿਸੰਗਤੀਆਂ ਤੇ ਸੰਕਟ ਨਾਲ ਹੈ। ਇਹਨਾਂ ਕਹਾਣੀਆਂ ਵਿਚੋਂ ਕੁਝ ਯਥਾਰਥਵਾਦੀ ਅਤੇ ਕੁਝ ਰੂਪ ਦੀ ਦ੍ਰਿਸ਼ਟੀ ਤੋਂ ਫੈਂਤੇਸੀ ਦੇ ਨੇੜੇ ਹਨ। ਪ੍ਰਸਤੁਤ ਅੰਕ ਦੀਆਂ ਸਾਰੀਆਂ ਕਹਾਣੀਆਂ ਦੇ ਕਹਾਣੀਕਾਰ ਯੁਵਾ ਪੀੜ੍ਹੀ ਦੇ ਹਨ। ਪੰਜਾਬੀ ਕਹਾਣੀਆਂ ਬਾਰੇ ਇਸ ਕਹਾਣੀ ਸੰਗ੍ਰਹਿ ਵਿਚ ਅਵਤਾਰ ਜੌੜਾ ਦੀ ਲਿਖੀ ਸੰਪਾਦਕੀ ਟਿੱਪਣੀ 'ਪੰਜਾਬੀ ਕਹਾਨੀ : ਤਲਾਸ਼ ਅਭੀ ਜਾਰੀ' ਵੀ ਦਿਤੀ ਗਈ ਹੈ। ਇਸ ਵਿੱਚ ਜਿਨ੍ਹਾਂ ਵਿਸ਼ਿਆਂ ਨੂੰ ਛੋਹਿਆ ਨਹੀਂ ਗਿਆ, ਉਹ ਹਨ, ਇਹਨਾਂ ਕਹਾਣੀਆਂ ਦੀ ਚੋਣ ਪਿੱਛੇ ਕੰਮ ਕਰਦਾ ਮਨੋਰਥ ਤੇ ਆਧਾਰ। ਸਿਰਫ ਇੰਨਾ ਕਹਿ ਕੇ ਕੰਮ ਨਹੀਂ ਸਰ ਜਾਂਦਾ ਕਿ 'ਇਸ ਵੇਰ ਪੇਸ਼ ਕੀਤੀਆਂ ਜਾ ਰਹੀਆਂ ਕਹਾਣੀਆਂ ਅਜੋਕੇ ਦੌਰ ਵਿਚ ਉਹਨਾਂ ਜੂਝਦੇ ਲੇਖਕਾਂ ਦੀਆਂ ਕਹਾਣੀਆਂ ਹਨ, ਜਿਨ੍ਹਾਂ ਨੇ ਹਾਲੀ ਆਪਣੀ ਭੂਮਿਕਾ ਤੇ ਗਹਿਰਾਈ ਨੂੰ ਅਜੇ ਹੋਰ ਡੂੰਘੇਰਾ ਕਰਨਾ ਹੈ। ਇਕ ਗੱਲ ਹੋਰ, ਇਹਨਾਂ ਕਹਾਣੀਆਂ ਦੀ ਚੋਣ, ਸਮੇਂ ਦੀ ਲੋੜ ਤੇ ਰਚਨਾਤਮਕਾ ਨੂੰ ਮੱਦੇ ਨਜ਼ਰ ਰਖਦਿਆਂ ਕੀਤੀ ਗਈ ਹੈ' (ਸਫ਼ਾ 12)

ਸੰਪਾਦਕ ਟਿੱਪਣੀ ਵਿੱਚ ਪੰਜਾਬੀ ਕਹਾਣੀ ਦੇ ਸੰਕਟ ਉਤੇ ਚਰਚਾ ਤਾਂ ਕੀਤੀ ਗਈ ਹੈ, ਪਰ ਜਨ-ਪੱਖੀ ਪੰਜਾਬੀ ਕਹਾਣੀ ਦੇ ਸਰੂਪ ਨੂੰ ਅਜੋਕੇ ਸਮਾਜਿਕ ਯਥਾਰਥ ਦੇ ਪ੍ਰੀਪੇਖ ਵਿਚੋਂ ਨਹੀਂ ਉਭਾਰਨ ਦਾ ਜਤਨ ਕੀਤਾ ਗਿਆ। ਸਮਾਜਿਕ ਯਥਾਰਥ ਦੀ ਗਤੀਸ਼ੀਲ ਪ੍ਰਕ੍ਰਿਆ ਨਾਲ ਇਹਨਾਂ ਰਚਨਾਵਾਂ ਦੀ ਪ੍ਰਾਸੰਗਿਕਤਾ ਤੇ ਉਸਦਾ ਪ੍ਰਗਟਾ ਹੀ ਅਜੇਹਾ ਤੱਥ ਹੈ ਜਿਸ ਦਾ ਹਿੰਦੀ ਕਥਾਕਾਰਾਂ ਲਈ ਮਹੱਤਵ ਹੋ ਸਕਦਾ ਹੈ। ਦਰਅਸਲ ਕਿਸੇ ਹੋਰ ਭਾਸ਼ਾ ਵਿਚ ਪ੍ਰਸਤੁਤ ਸਾਹਿਤ ਦੀ ਭੂਮਿਕਾ ਆਪਣੀ ਭਾਸ਼ਾ ਵਿਚ ਉਸੇ ਸਾਹਿਤ ਦੀ ਭੂਮਿਕਾ ਵਿਚ ਅੰਤਰ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਹਿੰਦੀ ਦੇ ਵਿਦਵਾਨ ਆਨੰਦ ਪ੍ਰਕਾਸ਼ ਦਵਾਰਾ ਲਿਖਿਤ 'ਸਮਕਾਲੀਨ ਪੰਜਾਬੀ ਕਹਾਨੀ : ਇਕ ਸੰਖਿਪਤ ਵਿਸ਼ਲੇਸ਼ਣ' ਵਿਚ ਇਹਨਾਂ 13 ਕਹਾਣੀਆਂ ਦਾ ਅਧਿਐਨ ਪੇਸ਼ ਕੀਤਾ ਗਿਆ। ਇਸ ਵਿਚ ਲੇਖਕ ਜਿੱਥੇ ਕਈ ਕਹਾਣੀਆਂ ਦੇ ਕੇਂਦਰੀ ਧੁਰੇ ਨੂੰ ਸਮਝਣ ਵਿਚ ਅਸਮਰਥ ਰਿਹਾ ਹੈ, ਉਥੇ ਉਸ ਨੇ ਆਪਣੇ ਅਧਿਐਨ ਨੂੰ ਹਿੰਦੀ ਕਥਾ-ਸਾਹਿਤ ਨਾਲ ਤੁਲਨਾ ਕਰਕੇ ਨਹੀਂ ਵੇਖਿਆ। ਇਸ ਤਰ੍ਹਾਂ ਇਸ ਸੰਗ੍ਰਹਿ ਦੀ ਸਾਰਥਕਤਾ ਹੋਰ ਵੀ ਵੱਧ ਸਕਦੀ ਸੀ।

ਇਸ ਸੰਗ੍ਰਹਿ ਵਿਚ ਸੰਪਾਦਕ ਵਲੋਂ ਕੀਤੀ ਗਈ ਚੋਣ ਪੂਰੀ ਤਰ੍ਹਾਂ ਅਜੋਕੀ ਜਨ-ਪੱਖੀ ਕਹਾਣੀਆਂ ਦੀ ਪ੍ਰਤੀਨਿਧਤਾ ਨਹੀਂ ਕਰਦੀ। ਇਸੇ ਤਰ੍ਹਾਂ ਉਹਨਾਂ

---

*ਸਾਹਿਤ ਨਿਰਝਰ-34, ਨਿਰਝਰ ਸਾਹਿਕਾਰ ਮੰਡਲ, 3625 ਸੈਕਟਰ 23-ਡੀ. ਚੰਡੀਗੜ੍ਹ (ਪੰਜਾਬੀ ਕਹਾਣੀ ਵਿਸ਼ੇਸ਼ ਅੰਕ), ਵਰ੍ਹਾ 9, ਅੰਕ 1-12, ਕੀਮਤ 5-00 ਪ੍ਰਤੀ

ਕਹਾਣੀਆਂ ਨੂੰ ਜਿੰਨ੍ਹਾਂ ਦਾ ਰੂਪ ਫੈਂਤੇਸੀ ਵਾਲਾ ਸੀ, ਦੇਣ ਪਿੱਛੇ ਕੀ ਉੱਦੇਸ਼ ਹੈ ਸਮਝ ਨਹੀਂ ਆਉਂਦਾ। ਇਸੇ ਲਈ ਪੰਜਾਬ ਦੇ ਜਨ-ਜੀਵਨ ਦੇ ਵਿਵਿਧ ਦਿਸਹਿੱਦੇ ਸਾਹਮਣੇ ਨਹੀਂ ਉੱਭਰਦੇ। ਚੋਣ ਵਿਚ ਘਾਟ ਕਰਕੇ ਹੀ ਆਨੰਦ ਪ੍ਰਕਾਸ਼ ਨੂੰ ਕਹਿਣਾ ਪੈਂਦਾ ਹੈ, 'ਇਹਨਾਂ ਵਿਚ ਆਜ਼ਾਦੀ ਦੇ ਬਾਅਦ ਦੇ ਵਿਸ਼ਿਸ਼ਟ ਸਮਾਜਿਕ ਸੰਬੰਧਾਂ ਦੀ ਵਿਵਿਧਤਾ-ਪੂਰਨ ਤਸਵੀਰ ਨਹੀਂ ਸਗੋਂ ਸਰਲ ਤੇ ਆਮ ਸਤਰ ਦੀ ਝਾਕੀ ਵੇਖਣ ਨੂੰ ਮਿਲਦੀ ਹੈ, ਜਿਵੇਂ ਇਹਨਾਂ ਲੇਖਕਾਂ ਦੀ ਆਪਣੇ ਯਥਾਰਥ ਨੂੰ ਗ੍ਰਹਿਣ ਤੇ ਰਚਾਉਣ ਦੀ ਯੋਜਨਾ ਪੂਰਨ ਸਮਰੱਥਾ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਈ.' (ਸਫ਼ਾ 110)।

ਪੰਜਾਬੀ ਦੀ ਅਜੋਕੀ ਜਨਪੱਖੀ ਕਹਾਣੀ ਦੀ ਪਛਾਣ ਕਰਾਉਣ ਲਈ ਇਕ ਲੇਖ ਵੀ ਦਿਤਾ ਗਿਆ ਹੈ। ਇਹ ਹੈ ਤੇਜਵੰਤ ਮਾਨ ਦਾ 'ਆਜ ਕੀ ਪੰਜਾਬੀ ਕਹਾਨੀ ਔਰ ਜਨ-ਪੱਖ'। ਇਹ ਨਾ ਤਾਂ ਜਨ-ਪੱਖੀ ਕਹਾਣੀ ਨੂੰ ਉਭਾਰਨ ਵਿਚ ਬਹੁਤਾ ਸਫਲ ਰਿਹਾ ਹੈ ਤੇ ਨਾ ਹੀ ਅਜੋਕੇ ਇਲਾਕਾਈ ਯਥਾਰਥ ਨੂੰ ਸਮਝਣ ਵੱਲ ਰੁਚਿਤ ਹੈ। ਸਾਰੇ ਸੰਗ੍ਰਹਿ ਦੇ ਲੇਖਾਂ ਵਿਚੋਂ ਕਿਸੇ ਨੇ ਵੀ ਜਨ-ਪੱਖੀ ਕਹਾਣੀ ਦੇ ਰੂਪ ਬਾਰੇ ਕੋਈ ਵਿਚਾਰ ਨਹੀਂ ਪ੍ਰਗਟਾਏ। ਕੀ ਰੂਪ ਦੀ ਕੋਈ ਸਮੱਸਿਆ ਨਹੀਂ ਹੈ?

ਇਸ ਸੰਖੇਪ ਜਿਹੀ ਚਰਚਾ ਦਾ ਅਰਥ 'ਨਿਰਝਰ' ਦੇ ਇਸ ਵਿਸ਼ੇਸ਼ ਅੰਕ ਦੀ ਸਾਰਥਕਤਾ ਨੂੰ ਅੱਖੋਂ ਪਰੋਖੇ ਕਰਨਾ ਨਹੀਂ, ਸਗੋਂ ਇਸ ਪਾਸੇ ਸੰਕੇਤ ਕਰਨਾ ਹੈ ਕਿ ਇਸ ਦੀ ਸਾਰਥਕਤਾ ਹੋਰ ਵਧ ਸਕਦੀ ਸੀ, ਜੇ ਇਸ ਸੰਗ੍ਰਹਿ ਦੇ ਮੰਤਵ ਤੇ ਉਸ ਦੇ ਅਨੁਕੂਲ ਵਿਸ਼ੇ ਨੂੰ ਹਿੰਦੀ ਪਾਠਕਾਂ ਲਈ ਪੇਸ਼ ਕੀਤਾ ਜਾਂਦਾ। ਇਸ ਦੇ ਨਾਲ ਹੀ ਇਹ ਕਹਿਣਾ ਜ਼ਰੂਰੀ ਹੈ ਕਿ ਜਿੱਥੇ ਪੰਜਾਬੀ ਕਹਾਣੀ ਦੇ ਕੱਥ ਤੋਂ ਇਲਾਕਾਈ ਯਥਾਰਥ ਦੀ ਪਹਿਚਾਣ ਨੂੰ ਸਮਝ ਵਿਚ ਮਦਦ ਮਿਲ ਸਕਦੀ ਹੈ, ਉਥੇ ਪੰਜਾਬੀ ਕਹਾਣੀ ਦੀਆਂ ਆਪਣੀਆਂ ਸਮੱਸਿਆਵਾਂ ਤੋਂ ਹਿੰਦੀ ਕਥਾਕਾਰਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਇਹਨਾਂ ਸਮੱਸਿਆਵਾਂ ਵਿਚੋਂ ਕੁਝ ਬਾਰੇ ਅਵਤਾਰ ਜੌੜਾ ਨੇ ਆਪਣੇ ਵਿਚਾਰ ਦਿਤੇ ਹਨ। ਪਰ ਇਲਾਕਾਈ ਪਛਾਣ ਕਰਾਉਣ ਦਾ ਇਹ ਸਿਲਸਿਲਾ ਇਕ-ਤਰਫਾ ਨਹੀਂ ਰਹਿਣਾ ਚਾਹੀਦਾ।

ਉਮੀਦ ਹੈ ਕਿ 'ਨਿਰਝਰ-34' ਦਾ ਪੰਜਾਬੀ ਕਹਾਣੀ ਅੰਕ ਪੰਜਾਬ ਦੇ ਹਿੰਦੀ ਕਹਾਣੀਕਾਰਾਂ ਦੇ ਸਨਮੁਖ ਇਲਾਕਾਈ ਯਥਾਰਥ ਦੀ ਪਹਿਚਾਣ ਬਾਰੇ ਹੋਰ ਸੁਚੇਤ ਹੋਣ ਲਈ ਪ੍ਰੇਰਿਤ ਕਰੇਗਾ।

ਸਵਿੰਦਰਜੀਤ ਸਾਗਰ

੦

# ਜਮਹੂਰੀ ਅਧਿਕਾਰ ਸਭਾ ਅਮ੍ਰਿਤਸਰ ਵਲੋਂ ਵਿਸ਼ਾਲ ਰੈਲੀ ਅਤੇ ਸਭਿਆਚਾਰਕ ਪ੍ਰੋਗਰਾਮ

ਸਮਾਜ ਵਿਚ ਵੱਧ ਰਹੇ ਭ੍ਰਿਸ਼ਟਾਚਾਰ ਦਾ ਇਕ ਮਾਰੂ ਅਸਰ ਇਹ ਹੋਇਆ ਕਿ ਸਰਕਾਰੀ ਮਸ਼ੀਨਰੀ ਨੇ ਲੋਕਾਂ ਉਤੇ ਆਪਣਾ ਜੱਬਰ ਅੰਨ੍ਹੇ ਤਰੀਕੇ ਨਾਲ ਵਧਾਉਂਦਾ ਹੈ। ਜਿਤਨੀ ਲੋਕਾਂ ਵਿਚ ਦਹਿਸ਼ਤ ਬਹੁਤੀ ਹੋਵੇਗੀ, ਉਤਨਾਂ ਭ੍ਰਿਸ਼ਟਾਚਾਰੀ ਅਮਲ ਆਸਾਨ ਹੋ ਜਾਏਗਾ। ਅਮ੍ਰਿਤਸਰ ਜ਼ਿਲੇ ਵਿਚ ਦਾਉਕੇ ਅਤੇ ਜਲੰਧਰ ਜ਼ਿਲੇ ਵਿਚ ਸੰਕਰ ਥਾਣੇ ਦੇ ਅੰਦਰ ਹੋਏ ਹਾਦਸੇ ਇਸ ਅਮਲ ਦਾ ਪ੍ਰਤੱਖ ਸਬੂਤ ਹਨ। ਸਰਕਾਰੀ ਜਬਰ ਮਸ਼ੀਨਰੀ ਗੁੰਡਿਆਂ ਅਤੇ ਸਮਾਜ ਦੁਸ਼ਮਨ ਅਨਸਰ ਦੀ ਮਦਦ ਨਾਲ ਵਿਉਂਤਬੰਦ ਤਰੀਕੇ ਰਾਹੀਂ ਲੋਕਾਂ ਦੇ ਜਮਹੂਰੀ ਹੱਕਾਂ ਉਤੇ ਛਾਪਾ ਮਾਰ ਰਹੀ ਹੈ, ਸਮਾਜ ਦੇ ਹਰ ਪਾਸੇ ਇਕ ਭ੍ਰਿਸ਼ਟਾਚਾਰ ਦਾ ਵਾਤਾਵਰਨ ਬਣਦਾ ਜਾ ਰਿਹਾ ਹੈ। ਇਸ ਵਿਰੁਧ ਆਵਾਜ਼ ਉਠਾਣੀ ਬਹੁਤ ਜ਼ਰੂਰੀ ਬਣ ਗਈ ਹੈ। ਇਸ ਅਮਲ ਵਿਚ ਸਮਾਜ ਦੇ ਬੁਧੀਜੀਵ ਇਕ ਵਿਸ਼ੇਸ਼ ਭੂਮਿਕਾ ਨਿਭਾ ਸਕਦੇ ਹਨ। ਜਮਹੂਰੀ ਅਧਿਕਾਰ ਸਭਾ ਪੰਜਾਬ ਵਿਚ ਇਕ ਐਸੀ ਸੰਸੋਥਾ ਹੈ, ਜਿਸ ਨੇ ਇਸ ਕੰਮ ਨੂੰ ਆਪਣਾ ਨਿਸ਼ਾਨਾ ਬਣਾਇਆ ਹੈ। ਇਸ ਸਭਾ ਦੀ ਅਮ੍ਰਿਤਸਰ ਇਕਾਈ ਨੇ 'ਬੁਧੀ ਜੀਵੀਆਂ ਨਾਲ ਸੰਪਰਕ' ਦਾ ਇਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਹੈ। ਘਰੋ ਘਰੀਂ ਜਾ ਕੇ ਸੰਪਰਕ ਕਰਨ ਬਾਅਦ ਇਕ ਵਿਸ਼ੇਸ਼ ਰੈਲੀ **5 ਜੂਨ ਸ਼ਾਮ ਦੇ 7 ਵਜੇ ਓਪਨ ਏਅਰ ਥੀਏਟਰ ਗਾਂਧੀ ਗਰਾਊਂਡ** ਵਿਚ ਹੋ ਰਹੀ ਹੈ। ਦਿੱਲੀ ਤੋਂ ਇਕ ਚੋਟੀ ਦੇ ਕਨੂੰਨਦਾਨ ਇਸ ਰੈਲੀ ਵਿਚ ਪ੍ਰਮੁਖ ਬੁਲਾਰਾ ਹੋਣਗੇ। ਬਾਅਦ ਵਿਚ ਇਕ ਵਿਸ਼ੇਸ਼ ਸਭਿਆਚਾਰਕ ਅਤੇ ਨਾਟ੍ਕ ਪ੍ਰੋਗਰਾਮ ਹੋਏਗਾ। ਗੁਰਸ਼ਰਨ ਸਿੰਘ ਪ੍ਰਸਿੱਧ ਨਾਟਕ 'ਤਾਮਰ ਪਤ੍ਰ' ਖੇਡ ਰਹੇ ਹਨ। ਸਾਰਿਆਂ ਨੂੰ ਖੁਲ੍ਹਾ ਸਦਾ ਹੈ।

ਯਸ਼ਪਾਲ ਝਬਾਲ
ਸਕੱਤ੍ਰ ਜਮਹੂਰੀ ਅਧਿਕਾਰ ਸਭਾ, ਜ਼ਿਲਾ ਅਮ੍ਰਿਤਸਰ

# 3. ਇਨਸਾਫ਼ ਦੀ ਲੋਅ

ਦੁਨੀਆਂ ਵਿਚ ਬਹੁਤ ਸਾਰੀਆਂ ਲੜਾਈਆਂ, ਝਗੜੇ—"ਇਨਸਾਫ਼ ਅਤੇ ਬੇਇਨਸਾਫ਼ੀ, ਅਕਲਾ ਅਤੇ ਬੇਅਕਲਾ; ਤੇ ਵਧੀਆ ਅਤੇ ਘਟੀਆ" ਆਦਿ ਸਿੱਧ ਕਰਨ ਕਰਕੇ ਹੀ ਹਨ। ਕੀ ਕਦੀ ਵਾਕਿਆ ਹੀ ਸਹੀ ਇਨਸਾਫ਼ ਅਸੀਂ ਨਿਰਪੱਖਤਾ ਨਾਲ ਕੀਤਾ ਹੈ?

ਨਿਰਪੱਖਤਾ ਵਾਲੇ ਇਨਸਾਫ਼ ਵਿਚ ਦਲੀਲਬਾਜ਼ੀ ਦਾ ਬਹੁਤ ਵੱਡਾ ਹੱਥ ਹੈ। ਤੇ ਸਹੀ ਇਨਸਾਫ਼ ਸਦਾ ਕੀਤਾ ਵੀ ਤਾਂ ਦਲੀਲ ਨਾਲ ਹੀ ਜਾਂਦੈ। ਇਨਸਾਫ਼ ਕਰਨ ਦੀ ਛੋਟੀ ਪ੍ਰਣਾਲੀ—"ਪੰਚਾਇਤ" ਤੋਂ ਲੈ ਕੇ ਵੱਡੀ ਤੋਂ ਵੱਡੀ ਕਚਿਹਰੀ "ਕਨਵੈਨਸ਼ਨ ਔਫ ਹਿਊਮਨ ਰਾਈਟਸ" ਹੈ। ਵਕੀਲ ਤੇ ਜੱਜ ਆਦਿ ਅਸੀਂ ਆਪਣੇ ਦੇਸ਼ਾਂ ਦੇ ਕਾਨੂੰਨਾਂ ਅਨੁਸਾਰ ਇਨਸਾਫ਼ ਕਰਨ ਲਈ ਬਣਾਏ ਹੋਏ ਹਨ। ਦੁਨੀਆਂ ਭਰ ਦੇ ਫਿਲਾਸਫ਼ਰ, ਵਿਦਵਾਨ ਅਤੇ ਵਿਚਾਰਵਾਨ ਲੋਕ ਇਨਸਾਫ਼ ਦੀ ਕਸਵੱਟੀ ਨੂੰ ਆਪਣੀ ਸਮਝ ਮੁਤਾਬਿਕ ਪਰਖਦੇ ਹਨ। ਪਿਛਲੇ ਜ਼ਮਾਨੇ ਵਿਚ ਵੱਖ ਵੱਖ ਦੇਸ਼ਾਂ ਦੇ ਰਾਜੇ ਇਨਸਾਫ਼ ਦੀ ਤੱਕੜੀ ਨੂੰ ਆਪਣੇ ਹੱਥ ਵਿਚ ਫੜਕੇ ਤੋਲਦੇ ਸਨ। ਤੇ ਸ਼ਾਇਦ ਇਸੇ ਕਰਕੇ ਯੂਨਾਨ ਦੇ ਮਹਾਨ ਫਿਲਾਸਫਰ ਅਤੇ ਸੁਕਰਾਤ ਦੇ ਚੇਲੇ ਪਲੈਟੋ ਨੇ ਇਕ ਵਾਰ ਕਿਹਾ ਸੀ ਕਿ "ਫਿਲਾਸਫਰਾਂ ਨੂੰ ਦੇਸ਼ ਦੇ ਰਾਜੇ ਬਨਾਉਣਾ ਚਾਹੀਦਾ ਹੈ।" ਉਹਦਾ ਮਤਲਬ ਸਿਰਫ਼ ਇਨਸਾਫ਼ ਤੋਂ ਸੀ ਕਿ ਰਾਜੇ ਇਨਸਾਫ਼ ਠੀਕ ਠੀਕ ਕਰ ਸਕਣ। ਹੁਣ ਲੋਕਾਂ ਦਾ ਰਾਜ ਬਹੁਤ ਜਲਦੀ ਫੈਲ ਰਿਹਾ ਹੈ ਤੇ ਡਿਕਟੇਟਰਸ਼ਿਪ ਦੇ ਜ਼ਮਾਨੇ ਪੁਰਾਣੇ ਹੋ ਰਹੇ ਹਨ।

ਮਨੁੱਖੀ ਸੁਭਾ ਨੂੰ ਮਨੋਵਿਗਿਆਨਕ ਕਸਵੱਟੀ ਤੇ ਪਰਖੀਏ ਤਾਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਮਨੁੱਖ ਬਹੁਤ ਖ਼ੁਦਗਰਜ਼ ਜੀਵ ਹੈ। ਅਸੀਂ ਖ਼ੁਦਗਰਜ਼ਪੁਣੇ ਕਰਕੇ ਬਹੁਤ ਕੁਝ ਗਲਤ ਕਰ ਜਾਂਦੇ ਹਾਂ ਤੇ ਇਨਸਾਫ਼ ਦੀ ਕਸਵੱਟੀ ਤੇ ਗਲਤ ਦਲੀਲਬਾਜ਼ੀ ਨਾਲ ਉਹਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਜੇਕਰ ਸਾਨੂੰ ਕੋਈ ਮਨੁੱਖ ਚੰਗਾ ਲਗਦਾ ਹੈ ਤਾਂ ਉਹਦੇ ਗੁਣਾਂ ਵਿਚ ਸਾਨੂੰ "ਅਪਣਾਪਣ" ਨਜ਼ਰ ਆਉਣ ਕਰਕੇ ਜਾਂ ਦਿਲੋਂ ਇਹ ਚਾਹੁੰਦੇ ਹਾਂ ਕਿ ਉਹਦੇ ਵਰਗੇ ਬਣੀਏ ਤਾਂ ਹੀ ਉਹ ਚੰਗਾ ਲਗਦਾ ਹੈ—ਵੈਸੇ ਨਹੀਂ। ਤੇ ਜਾਂ ਸਾਡਾ ਆਪਣਾ ਕੋਈ ਮਤਲਬ ਛੁਪਿਆ ਹੁੰਦਾ ਹੈ। ਮਤਲਬ ਨਿਕਲਣ ਤੇ ਫਿਰ ਆਨੇ ਵਾਲੀ ਜਗ੍ਹਾ ਆ ਟਿਕਦੇ ਹਾਂ। ਇਸੇ ਤਰ੍ਹਾਂ ਹੀ ਜੇਕਰ ਕੋਈ ਫਿਲਮੀ ਐਕਟਰ ਸਾਨੂੰ ਚੰਗਾ ਲਗਦਾ ਹੈ ਤਾਂ ਸਾਡੇ ਮਨ ਦੀ ਖਾਹਿਸ਼ ਹੁੰਦੀ ਹੈ ਕਿ ਮੈਂ ਵੀ ਏਹੋ ਜੇਹਾ ਬਣਾਂ। ਜਾਂ ਜੇਹੜੇ ਗੁਣ ਮੈਂ ਪਸੰਦ ਕਰਦਾ ਹਾਂ, ਉਹ ਇਸ ਐਕਟਰ ਵਿਚ ਹਨ। ਤੇ ਜੇਕਰ ਅਸੀਂ ਕਿਸੇ ਦੇ ਮਰਨ ਤੇ ਉਹਦੇ ਰਿਸ਼ਤੇਦਾਰ ਕੋਲ ਅਫਸੋਸ ਕਰਨ ਜਾਂਦੇ ਹਾਂ ਤੇ ਉਥੇ ਵੀ ਸਾਡਾ ਆਪਣਾ ਖ਼ੁਦਗਰਜ਼ਪੁਣਾ ਆ ਟਪਕਦਾ ਹੈ। ਅਸੀਂ ਆਪਣੇ ਮਰੇ ਹੋਏ ਬੰਦਿਆਂ ਨੂੰ ਯਾਦ ਕਰਕੇ, ਅਗਲੇ ਸਾਹਮਣੇ ਹਮਦਰਦੀ ਪੇਸ਼ ਕਰਦੇ ਹਾਂ, ਰੋਂਦੇ ਹਾਂ ਤੇ ਤਸੱਲੀ ਦਿੰਦੇ ਹਾਂ। ਤੇ ਇਹ ਗੱਲ ਵੀ ਸਾਫ਼ ਹੈ ਕਿ ਜਿੰਨਾ ਕਿਸੇ ਨੂੰ ਕਿਸੇ ਨਾਲ ਪਿਆਰ ਹੁੰਦਾ ਹੈ ਉਨਾ ਹੀ ਉਹਦੇ ਵਿਛੜਨ ਤੇ ਅਫਸੋਸ ਹੁੰਦਾ ਹੈ। ਪਰ ਜ਼ਿਆਦਾ ਕਰਕੇ ਵਿਖਾਵਾ ਅਤੇ ਖ਼ੁਦਗਰਜ਼ਪੁਣਾ ਹੀ ਕੰਮ ਕਰਦਾ ਹੈ।

ਮਜਬੂਰੀ ਨੂੰ ਖ਼ੁਦਗਰਜ਼ਪੁਣੇ ਨਾਲ ਮਿਲਾਉਣਾ ਠੀਕ ਨਹੀਂ। ਮਜਬੂਰੀ ਦੀ ਹਾਲਤ ਵਿਚ ਅਸੀਂ ਅਸਲੀਅਤ ਨਹੀਂ ਜਾਣ ਸਕਦੇ। ਹਾਂ, ਲੋਕਾਂ ਨੂੰ ਧੋਖਾ ਜ਼ਰੂਰ ਦੇ ਸਕਦੇ ਹਾਂ। ਜਦ ਮਜਬੂਰੀ ਖ਼ਤਮ ਹੋ ਜਾਵੇਗੀ, ਅਸਲੀਅਤ ਬਾਹਰ ਆ ਜਾਵੇਗੀ! ਹਾਂ ਤੇ ਖ਼ੁਦਗਰਜ਼ਪੁਣੇ ਵਿਚ ਆ ਕੇ ਅਸੀਂ ਇਨਸਾਫ਼ ਨੂੰ ਭੁੱਲ ਜਾਂਦੇ ਹਾਂ ਅਤੇ ਆਪਣੇ ਮਤਲਬ ਨੂੰ ਕਿਸੇ ਨਾ ਕਿਸੇ ਤਰ੍ਹਾਂ ਪੂਰਾ ਕਰਨ 'ਚ ਟਿਲ ਲਾਉਂਦੇ ਹਾਂ।

ਪਿਛੇ ਜਹੇ ਜਦ ਈਰਾਨ ਨੇ ਅਮਰੀਕਾ ਦੇ 52 ਅਧਿਕਾਰੀਆਂ ਨੂੰ ਕੈਦ ਕੀਤਾ ਹੋਇਆ ਸੀ ਤਾਂ ਉਹਨਾਂ ਨੂੰ ਛੁਡਾਉਣ ਲਈ ਈਰਾਨ ਦੇ "ਸ਼ਾਹ" ਤੇ ਉਹਦੇ ਕੀਤੇ ਜ਼ੁਲਮਾਂ ਦੀ ਬਿਨਾਹ ਤੇ ਕਮਿਸ਼ਨ ਬਠਾਉਣਾ ਤੇ ਫਿਰ ਸ਼ਾਹ ਨੂੰ ਇਰਾਨ ਦੇ ਹਵਾਲੇ ਕਰਨਾ ਕੀ ਇਨਸਾਫ਼ ਹੋਣਾ ਸੀ? ਜੇਕਰ ਸ਼ਾਹ ਨੇ ਜੁਰਮ ਕੀਤੇ ਸਨ ਤਾਂ ਉਹਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਸੀ। ਪਰ ਇਸ ਗੱਲ ਤੋਂ ਸਜ਼ਾ ਦੇਣ ਵਾਲਿਆਂ ਨੂੰ ਜ਼ਰਾ ਸੁਚੇਤ ਰਹਿਣਾ ਚਾਹੀਦਾ ਸੀ ਕਿ ਕੀ ਉਹਨਾਂ ਦਾ ਆਪਣਾ ਝੱਗਾ ਸਾਫ਼ ਏ? ਕੀ ਉਹ ਕੋਈ ਜੁਰਮ ਨਹੀਂ ਕਰਦੇ? ਜੇਕਰ ਈਰਾਨੀ ਔਤੁਲਾ ਖੋਮਾਨੀ ਰੌਲਾ ਪਾ ਰਿਹਾ ਸੀ ਕਿ "ਸ਼ਾਹ" ਨੂੰ ਕਟਿਹਰੇ ਵਿਚ ਖੜਾ ਕਰਨਾ ਹੈ ਤਾਂ ਪਰਖਣ ਵਾਲੀ ਗੱਲ ਇਹ ਵੀ ਹੈ ਕਿ ਕੀ ਔਤੁਲਾ ਖੋਮਾਨੀ ਦੁੱਧ ਧੋਤਾ ਹੈ? ਲੋੜ ਸ਼ਾਹ ਦੇ ਨਾਲ ਨਾਲ ਇਸ ਖੋਮਾਨੀ ਨੂੰ ਵੀ ਕਚਿਹਰੀ ਦੇ ਕਟਿਹਰੇ ਵਿਚ ਖੜਾ ਕਰਨ ਦੀ ਹੈ।

ਜਦ ਹੈਨਰੀ ਕਸਿੰਜਰ ਅਤੇ ਰਿਚਰਡ ਨਿਕਸਨ ਨੇ ਹਰ ਮਹੀਨੇ 40000 ਪੌਂਡਾਂ ਦੇ ਮਾਰੂ-ਬੰਬ ਇੰਡੋਚੀਨ ਵਿਚ ਸੁੱਟਵਾਏ, ਉਸ ਵੇਲੇ ਯੂ. ਐਨ. ਓ. ਨੇ ਪੰਜ ਆਦਮੀਆਂ ਦਾ ਕਮਿਸ਼ਨ ਕਿਉਂ ਨਾ ਬਠਾਇਐ? ਕੀ ਇਹ ਲੋਕ ਗੁੰਗੇ ਹੋ ਗਏ ਸਨ? ਇਹਨਾਂ ਦੋ ਅਮਰੀਕੀਆਂ ਨੇ ਜੋ ਜ਼ੁਲਮ ਇੰਡੋਚੀਨ ਵਿਚ ਢਾਹੇ, ਕੀ ਉਹਨਾਂ ਕਰਕੇ ਇਹਨਾਂ ਨੂੰ ਹਾਲੈਂਡ ਵਿਚ ਸਥਿਤ" "ਇੰਟਰਨੈਸ਼ਨਲ

ਹਿਊਮਨ ਰਾਈਟਸ" ਦੀ ਕਚਿਹਰੀ ਵਿਚ ਖੜਾ ਨਹੀਂ ਕੀਤਾ ਜਾ ਸਕਦੈ ? ਇਹਨਾਂ ਜ਼ਾਲਮਾਂ ਨੇ ਅਜ ਤੱਕ ਆਦਮੀ ਦੁਆਰਾ ਬਣਾਏ ਗਏ ਸਭ ਤੋਂ ਮਾਰੂ ਕੈਮੀਕਲ "ਡਾਈਓਕਸਨ" ਜੇਹਨੂੰ "ਏਜੰਟ ਓਰੈਂਜ" ਵੀ ਕਹਿੰਦੇ ਹਨ, ਦਾ ਛੜਕਾਵ ਇੰਡੋਚੀਨ ਵਿਚ ਕੀਤਾ, ਤਾਕਿ ਉਥੋਂ ਦੀ ਸਾਰੀ ਹਰਿਆਈ ਖਤਮ ਕੀਤੀ ਜਾਵੇ ਤੇ ਲੜਨ ਵਾਲੇ ਵੀਤਕਾਂਗ ਬਾਹਰ ਨਿਕਲ ਸਕਣ—ਤੇ ਫਿਰ ਉਹਨਾਂ ਨੂੰ ਸਦਾ ਦੀ ਨੀਂਦੇ ਸੁਆ ਦਿਤਾ ਜਾਂਦੇ।

ਅੱਜ ਉਹ ਅਮਰੀਕਣ ਸਿਪਾਹੀ ਜੇਹਨਾਂ ਨੇ ਇਸ ਮਾਰੂ ਕੈਮੀਕਲ "ਡਾਈਓਕਸਨ" ਦਾ ਛਿੜਕਾਵ ਕੀਤਾ ਸੀ। ਅਮਰੀਕਾ ਸਰਕਾਰ ਤੇ ਹਰਜ਼ਾਨੇ ਲਈ ਕੇਸ ਕਰ ਰਹੇ ਹਨ। ਕਿਉਂਕਿ ਉਸ ਮਾਰੂ-ਕੈਮੀਕਲ ਦਾ ਅਸਰ ਉਹਨਾਂ ਦੇ ਸ਼ਰੀਰਾਂ ਤੇ ਪਿਆ। ਉਹਨਾ ਦੇ ਅੰਗ ਝੜ ਰਹੇ ਹਨ। ਉਹਨਾਂ ਦੇ ਬੱਚੇ ਅੰਨ੍ਹੇ, ਗੂੰਗੇ, ਬੋਲੇ ਤੇ ਨਿਕਾਰਾ ਹੋਏ ਅੰਗਾਂ ਨਾਲ ਪੈਦਾ ਹੋ ਰਹੇ ਹਨ।—ਪਰ ਉਹਨਾਂ ਵੀਤਨਾਮੀ ਲੋਕਾਂ ਨੂੰ ਕੌਣ ਹਰਜ਼ਾਨਾ ਦੇਵੇਗਾ—ਜੇਹਨਾਂ ਤੇ ਇਸ ਘਾਤਿਕ-ਕੈਮੀਕਲ ਦੀ ਅੰਨ੍ਹਾ-ਧੁੰਦ ਬਾਰਿਸ਼ ਕੀਤੀ ਗਈ ਸੀ ? ਅਮਰੀਕੀ ਸਿਪਾਹੀਆਂ ਨੇ ਤਾਂ ਅਜੇ ਬਹੁਤ ਇਤਆਦਿ ਨਾਲ (ਸੇਫਟੀ ਗੀਅਰਜ਼ ਪਾ ਕੇ) ਇਸ ਮਾਰੂ-ਕੈਮੀਕਲ ਨੂੰ ਵਰਤਿਆਂ ਸੀ ਤੇ ਫਿਰ ਵੀ ਉਹਨਾਂ ਤੇ ਅਸਰ ਹੋ ਗਿਆ।—ਤੇ ਜੇਹਨਾਂ ਉਤੇ ਇਸ ਘਾਤਿਕ-ਕੈਮੀਕਲ ਨੂੰ ਡੋਲ੍ਹਿਆ ਗਿਆ, ਉਹਨਾਂ ਦਾ ਕੀ ਹਾਲ ਹੋਇਆ ਹੋਵੇਗਾ ?

ਸੰਸਾਰ ਚੁੱਪ ਕਿਉਂ ਹੈ ? ਅਮਰੀਕਾ (ਇਨਸਾਫ ਅਤੇ ਇਨਸਾਨੀਅਤ ਅਜ਼ਾਦੀ ਦਾ ਅਖੌਤੀ ਚੌਧਰੀ ਤੇ ਇਹਦੇ ਝੋਲੀ ਚੁੱਕ) ਕਿਉਂ ਚੁੱਪ ਹਨ ? ਕੀ ਵੀਤਨਾਮ ਅਤੇ ਕੰਮਬੋਡੀਆ ਦੇ ਲੋਕ ਇਨਸਾਨ ਨਹੀਂ ਹਨ ? ਅਮਰੀਕਾ, ਬਰਤਾਨੀਆ ਤੇ ਹੋਰਾਂ ਨੂੰ ਅਫ਼ਗਾਨਿਸਤਾਨ ਅਤੇ ਪੋਲੈਂਡ ਦਾ ਬੜਾ ਫਿਕਰ ਪਿਆ ਹੈ ? ਇਹਨਾਂ ਨੂੰ ਇਲਸਾਲਵੇਡੋਰ, ਉੱਤਰੀ ਆਇਰਲੈਂਡ ਅਤੇ ਦੱਖਣੀ ਅਫਰੀਕਾ ਦਾ ਫਿਕਰ ਕਿਉਂ ਨਹੀਂ ? ਅਮਰੀਕਾ ਤੇ ਇਹਦੇ ਨਾਲ ਦੀ ਜੁੰਡਲੀ ਨੂੰ ਡਾਕਟਰ ਸੁਖੋਰੋਵ਼ ਦਾ ਫਿਕਰ ਘੁਣ ਵਾਂਗ ਖਾਂਦਾ ਰਿਹੈ ? ਓਲਿੰਪਕ ਖੇਡਾਂ 'ਚ ਸਿਆਸਤ ਘੜੀਸਣ ਵੇਲੇ ਸ਼ਰਮ ਨਾਂ ਆਈ। ਈਰਾਨ ਦੇ ਸ਼ਾਹ ਵਿਰੁੱਧ ਜਦ ਕਮਿਸ਼ਨ ਦੀਆਂ ਗੱਲਾਂ ਹੋ ਰਹੀਆਂ ਸਨ, ਇਹਨਾਂ ਦੀ ਜ਼ਬਾਨ ਸੀਅ ਹੋ ਗਈ। ਸੁਆਦ ਤਾਂ ਇਸ ਗੱਲ ਦਾ ਹੈ ਕਿ ਨਿਕਸਨ, ਕਸਿੰਜਰ, ਅਤੇ ਕੰਬੋਡੀਆ ਦੇ ਜ਼ਾਲਿਮ ਪੋਲਪੋਟ ਵਿਰੁੱਧ ਕਮਿਸ਼ਨ ਬੈਠਾਇਆ ਜਾਵੇ। ਜੇਕਰ ਜੁਆਬ "ਨਾਂਹ" ਵਿਚ ਹੈ ਤਾਂ ਫਿਰ ਬੇਇਨਸਾਫੀ ਅਤੇ ਖੁਦਗਰਜ਼ਪੁਣਾ ਨਹੀਂ ਤਾਂ ਹੋਰ ਕੀ ਹੈ ? ਅਮਰੀਕਾ ਨੂੰ ਆਪਣੇ 52 ਅਧਿਕਾਰੀ ਚਾਹੀਦੇ ਸਨ। ਇਸੇ ਕਰਕੇ ਐਤੁਲਾ ਖੋਮਾਨੀ ਦੇ ਦਬਾ ਹੇਠ ਆ ਕੇ ਇਕੱਲੇ ਸ਼ਾਹ ਨੂੰ ਵਰਤੋਂ ਵਿਚ ਲਿਆਉਂਦੇ ਰਹੇ। ਇਕ ਇਕੱਲੇ ਆਦਮੀ ਨੂੰ ਦੁਨੀਆਂ ਦੇ ਲੋਕ ਰਲ ਕੇ ਕੁਝ ਵੀ ਕਰ ਸਕਦੇ ਹਨ। ਪਰ ਪ੍ਰਸ਼ਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਇਹ ਨਿਰਪੱਖਤਾ ਅਤੇ ਦਲੀਲਬਾਜ਼ੀ ਦਾ ਇਨਸਾਫ ਹੈ ? ਇਥੇ ਤਾਂ ਇਹ ਹਾਲ ਹੈ, "ਜੇਹਦੀ ਲਾਠੀ ਓਹਦੀ ਮੱਝ।"

ਸੁਆਦ ਤਾਂ ਇਸ ਦਾ ਹੈ ਕਿ ਦੁਨੀਆਂ ਦਾ ਕੋਈ ਵੀ ਇਨਸਾਨ ਜੋ ਬੇਇਨਸਾਫੀ ਕਰਦਾ ਹੈ, ਉਸ ਉਤੇ ਮੁਕੱਦਮਾ ਚਲਾਇਆ ਜਾਵੇ। ਚਾਹੇ ਉਹ ਕੇਸ ਡਾਕਟਰ ਸੁਖੋਰੋਵ, ਸ਼ਾਹ, ਪੋਲਪੋਟ, ਨਿਕਸਨ ਜਾਂ ਕਸਿੰਜਰ ਦਾ

## ਪੰਜਾਬ ਲੋਕ ਸਭਿਆਚਾਰ ਮੰਚ

14 ਮਾਰਚ ਨਸਰਾਲੀ ਵਿਖੇ ਹੋਈ ਮੰਚ ਦੀ ਕਨਵੈਨਸ਼ਨ ਵਿਚ ਉਲੀਕੇ ਪ੍ਰੋਗਰਾਮ ਅਨੁਸਾਰ ਮੰਚ ਦੀ ਤਿਆਰੀ ਕਮੇਟੀ ਦੀ ਮੀਟਿੰਗ 18 ਅਪ੍ਰੈਲ 1982 ਲੁਧਿਆਣਾ ਵਿਚ ਹੋਈ। ਕਮੇਟੀ ਦੇ 21 ਮੈਂਬਰਾਂ ਵਿਚੋਂ 16 ਮੈਂਬਰਾਂ ਦੀ ਹਾਜ਼ਰੀ ਵਿਚ ਮੰਚ ਦੇ ਉਦੇਸ਼ਾਂ ਅਤੇ ਵਿਧਾਨ ਬਾਰੇ ਮੁੱਖ ਨੁਕਤਿਆਂ ਉਤੇ ਵਿਚਾਰ ਵਟਾਂਦਰਾ ਹੋਇਆ। ਪ੍ਰੋ. ਹਮਦਰਦ ਵੀਰ ਨੌਸ਼ਹਿਰਵੀ ਹੋਰਾਂ ਤੇ ਇਹ ਜ਼ਿੰਮੇਵਾਰੀ ਸੌਂਪੀ ਗਈ ਕਿ ਉਹ ਇਸ ਵਿਚਾਰ ਵਟਾਂਦਰੇ ਦੀ ਰੌਸ਼ਨੀ ਵਿਚ ਵਿਧਾਨ ਅਤੇ ਐਲਾਨਨਾਮੇ ਦਾ ਬਾਕਾਇਦਾ ਇਕ ਡਰਾਫਟ ਤਿਆਰ ਕਰਨ। ਤਿਆਰੀ ਕਮੇਟੀ ਦੀ ਅਗਲੀ ਮੀਟਿੰਗ 25 ਮਈ ਰਾਤ ਨੂੰ ਦੁਰਾਹਾ ਪਿੰਡ ਵਿਚ ਕਰਨੀ ਮਿਥੀ ਗਈ। ਇਸ ਵਿਚ ਤਿਆਰੀ ਕਮੇਟੀ ਵਲੋਂ ਪਹਿਲੀ ਕਾਨਫਰੰਸ ਵਿਚ ਪੇਸ਼ ਕੀਤੇ ਜਾਣ ਵਾਲੇ ਵਿਧਾਨ ਅਤੇ ਐਲਾਨਨਾਮੇ ਦੇ ਖਰੜੇ ਨੂੰ ਅੰਤਮ ਰੂਪ ਦਿਤਾ ਜਾਏਗਾ।

ਮੰਚ ਦੀ ਪਹਿਲੀ ਬਾਕਾਇਦਾ ਕਾਨਫਰੰਸ 20 ਜੂਨ (ਐਤਵਾਰ) ਪਿੰਡ ਮਹਿਲ ਗੈਲਾਂ (ਬੰਗਾਂ ਦੇ ਨੇੜੇ) ਹੋਣੀ ਤਹਿ ਪਾਈ। ਇਸ ਕਾਨਫਰੰਸ ਵਿਚ ਮੰਚ ਨੂੰ ਬਾਕਾਇਦਾ ਜਥੇਬੰਦੀ ਦਾ ਰੂਪ ਦਿਤਾ ਜਾਏਗਾ। ਉਸ ਰਾਤ ਉਸੇ ਥਾਂ ਇਕ ਵਡਾ ਨਾਟਕ ਅਤੇ ਸਭਿਆਚਾਰ ਪ੍ਰੋਗਰਾਮ ਕੀਤਾ ਜਾਏਗਾ ਜੋ ਸਭਿਆਚਾਰ ਖੇਤਰ ਵਿਚ ਮੰਚ ਦੀ ਸੋਚ ਨੂੰ ਵਿਸ਼ਾਲ ਲੋਕਾਂ ਵਿਚ ਲਿਜਾਏਗਾ। ਇਹ ਸਭਿਆਚਾਰ ਪ੍ਰੋਗਰਾਮ ਮੰਚ ਦੀ ਤਿਆਰੀ ਕਮੇਟੀ ਦੀ ਨਿਗਰਾਨੀ ਵਿਚ ਤਿਆਰ ਕੀਤਾ ਜਾਏਗਾ। ਲੋਕ-ਪੱਖੀ ਸਭਿਆਚਾਰ ਕਾਮਿਆਂ ਅਤੇ ਟੋਲੀਆਂ ਅਗੇ ਬੇਨਤੀ ਹੈ ਕਿ ਹੇਠ ਲਿਖੇ ਪਤੇ ਤੇ ਸੰਪਰਕ ਕਾਇਮ ਕਰਨ।

ਗੁਰਸ਼ਰਨ ਸਿੰਘ
ਕਨਵੀਨਰ ਪੰਜਾਬ ਲੋਕ ਸਭਿਆਚਾਰ ਮੰਚ
ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ

ਹੋਵੇ। ਇਹ ਨਹੀਂ ਕਿ "ਆਪਣੇ ਲੱਗੇ ਤਾਂ ਅੱਗ ਤੇ ਗੁਆਂਢੀਆਂ ਦੇ ਲੱਗੇ ਤਾਂ ਬਸੰਤਰ"। ਇਹਦੇ ਵਿਚ ਸਾਡਾ ਖੁਦਗਰਜ਼ਪੁਣਾ ਨਹੀਂ ਤਾਂ ਹੋਰ ਕੀ ਹੈ ?

ਭਾਰਤ ਨੇ ਜਦ ਐਟਮੀ ਬੰਬ ਦਾ ਧਮਾਕਾ ਕੀਤਾ ਤਾਂ ਅਮਰੀਕਾ, ਕੈਨੇਡਾ ਅਤੇ ਹੋਰ ਬਹੁਤ ਸਾਰੇ ਪੱਛਮੀ ਦੇਸ਼ਾਂ ਨੂੰ ਤਕਲੀਫ ਹੋਈ ਕਿ ਐਟਮੀ ਬੰਬ ਬਨਾਉਣ ਨਾਲ ਸੰਸਾਰ ਦੀ ਸ਼ਾਂਤੀ ਨੂੰ ਖਤਰਾ ਹੈ। ਉਸ ਵੇਲੇ ਸੰਸਾਰਕ ਸ਼ਾਂਤੀ ਕੇਹੜੇ ਘੁਰਨੇ ਵੜੀ ਹੋਈ ਸੀ ਜਦ ਅਮਰੀਕਾ, ਰੂਸ ਅਤੇ ਹੋਰ ਵੱਡੀਆਂ ਤਾਕਤਾਂ ਨੇ ਐਟਮੀ ਬੰਬ ਬਣਾਏ ਸਨ? ਸੰਸਾਰਕ ਸ਼ਾਂਤੀ ਨੂੰ ਹੁਣ ਕਿਉਂ ਨਹੀਂ ਮਿਰਗੀ ਦੇ ਦੌਰੇ ਪੈਂਦੇ, ਜਦ ਵੱਡੀਆਂ ਤਾਕਤਾਂ ਹਾਈਡਰੋਜਨ ਬੰਬ, ਨਿਊਟਰੋਨ ਬੰਬ ਅਤੇ ਬਾਇਓ-ਲੋਜੀਕਲ ਲੜਾਈ ਦੀਆਂ ਦੌੜਾਂ ਦੌੜ ਰਹੀਆਂ ਹਨ? ਇਹ ਕਿਸ ਤਰ੍ਹਾਂ ਦਾ ਇਨਸਾਫ ਹੋਇਐ ਕਿ, "ਮੈਂ ਤੇਰੇ ਪੱਥਰ ਮਾਰ ਸਕਦੈਂ। ਪਰ ਤੂੰ ਮੂਹਰਿਓਂ ਹੱਥ ਨਹੀਂਓ ਜੇ ਉਠਾ ਸਕਦੈ। ਜੇ ਬਚਣੈ ਤਾਂ ਗੋਡੇ ਟੇਕ ਦੇ। ਤੇ ਮੇਰੀ ਸ਼ਰਨ ਆ ਜਾ।"

ਫਿਲਾਸਫਰ ਅਰਸਤੂ ਨੇ ਕਿਹਾ ਸੀ ਕਿ "ਕਿਸੇ ਨੂੰ ਦੋਸ਼ ਦੇਣ ਅਤੇ ਕਿਸੇ ਨਾਲ ਨਫਰਤ ਕਰਨ ਲਈ ਅਸੀਂ ਸਦਾ ਤਤਪਰ ਰਹਿੰਦੇ ਹਾਂ।" ਇਹ ਇਨਸਾਨ ਦੀਆਂ ਆਪਣੀਆਂ ਕਮਜ਼ੋਰੀਆਂ ਹੀ ਤਾਂ ਹਨ ਜੋ ਸਹੀ ਇਨਸਾਫ ਹੋਣ ਨਹੀਂ ਦਿੰਦੀਆਂ। ਸ੍ਰੀ ਚਾਰਲਸ ਫੋਰੀਅਰ ਦਾ ਕਹਿਣਾ ਹੈ ਕਿ "ਹੁਣ ਤਕ ਰਾਜਨੀਤਿਕ ਆਗੂਆਂ, ਫਿਲਾਸਫਰਾਂ ਨੇ ਕੰਮ ਧੰਦਿਆਂ ਨੂੰ ਦਿਲਚਸਪ ਬਣਾਉਣ ਬਾਰੇ ਨਹੀਂ ਸੋਚਿਆ ਹੈ! ਲੋਕਾਂ ਕੋਲੋਂ ਜ਼ਬਰਦਸਤੀ ਕੰਮ ਕਰਾਉਣ ਲਈ, ਉਹਨਾਂ ਨੇ ਗੁਲਾਮੀ ਤੋਂ ਬਾਦ ਭੁਖਿਆਂ ਮਰਨ ਦੇ ਡਰ ਦੀ ਹੀ ਵਰਤੋਂ ਕੀਤੀ ਹੈ।" ਦੁਨੀਆਂ ਵਿਚ ਬੇਇਨਸਾਫੀ ਵਿਰੁੱਧ ਇਕ ਨੇ ਥੋੜੇ ਆਵਾਜ਼ ਉਠਾਈ ਹੈ।

ਜੇਕਰ ਅੱਜ ਦੀ ਦੁਨੀਆਂ ਇਹ ਦਾਅਵਾ ਕਰਦੀ ਹੈ ਕਿ 20ਵੀਂ ਸਦੀ ਦਾ ਸੰਸਾਰ ਬਹੁਤ ਜ਼ਿਆਦਾ ਸਭਿਅਕ ਹੈ—ਤਾਂ ਇਹ ਸਭਿਅਕ ਸਿਰਫ ਮਸ਼ੀਨਰੀ ਅਤੇ ਸਾਇੰਸ ਦੀ ਤਰੱਕੀ ਕਰਕੇ ਹੀ ਨਹੀਂ ਹੋਵੇਗਾ। ਇਹ ਸਭਿਅਕ ਕਹਾਉਣ ਦਾ ਹੱਕਦਾਰ ਤਾਂ ਹੀ ਹੈ, ਜੇਕਰ ਇਨਸਾਫ ਨੂੰ ਇਨਸਾਫ ਦੇ ਤੌਰ ਤੇ ਕੀਤਾ ਜਾਵੇ। ਖੁਦਗਰਜ਼ਪੁਣੇ ਨੂੰ ਖਤਮ ਕਰਨਾ ਪਵੇਗਾ ਤੇ ਨਿਰਪੱਖਤਾ ਦਾ ਬੋਲਬਾਲਾ ਕਰਾਉਣਾ ਹੋਵੇਗਾ—ਫਿਰ ਹੀ ਜਾ ਕੇ ਅਸੀਂ ਸੱਚੇ ਇਨਸਾਨ ਤੇ ਅਮਰ ਕਹਾਉਣ ਦੇ ਹੱਕਦਾਰ ਹੋਵਾਂਗੇ ਤਾਂ ਕਿ ਆਉਣ ਵਾਲੀਆਂ ਨਸਲਾਂ ਸਾਡੇ ਤੋਂ ਚਾਨਣ ਮੁਨਾਰੇ ਦਾ ਕੰਮ ਲੈ ਸਕਣ ਤੇ ਫਿਰ ਉਸ ਵੇਲੇ ਹੀ ਅਸੀਂ ਸ੍ਰੀ ਵਿਵੇਕਾ ਨੰਦ ਦੀ ਅਮਰ ਵਾਲੀ ਕਸਵੱਟੀ ਤੇ ਠੀਕ ਉਤਰਾਂਗੇ", ਜੇਹੜਾ ਇਨਸਾਨ ਖੁਦਗਰਜ਼ ਨਹੀਂ ਹੈ—ਉਹ ਅਮਰ ਹੈ। ਤੇ ਜੋ ਇਨਸਾਨ ਖੁਦਗਰਜ਼ ਹੈ—ਉਹ ਅਮਰ ਨਹੀਂ ਹੋ ਸਕਦੇ।" ਇਨਸਾਫ ਅਤੇ ਖੁਦਗਰਜ਼ਪੁਣੇ ਦੀ ਨਿਖੇੜਤਾ ਸਾਡੇ ਆਪਣੇ ਹੱਥ ਵਿਚ ਹੈ।

ਹਰੀਸ਼ ਮਲਹੋਤਰਾ, ਬਰਮਿੰਘਮ

## 4. ਸਮਤਾ ਇਨਕਲਾਬ ਜਾਂ ਉਲਟ ਇਨਕਲਾਬ ਨੂੰ ?

ਸਮਤਾ ਮਾਰਚ 1982 ਦੀ ਸੰਪਾਦਕੀ ਵਿਚ ਤੁਸੀਂ ਸ਼ਬਦਾਂ ਨਾਲ ਅਨਅਰਥ ਦੇ ਸਿਰਲੇਖ ਹੇਠ ਜੋ ਘਚੋਲਾ ਖੜਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਨੂੰ ਪੜ੍ਹ ਕੇ ਸਿਧਾਂਤ ਦੀ ਥੋੜੀ ਮੋਟੀ ਸੋਝੀ ਰੱਖਣ ਵਾਲੇ ਮਨਾਂ 'ਚ ਤੁਹਾਡੇ ਪ੍ਰਤੀ ਸ਼ੰਕੇ ਖੜੇ ਹੁੰਦੇ ਹਨ।

ਉਸ ਲਿਖਤ ਵਿਚ ਤੁਸੀਂ ਲੈਨਿਨ ਦੇ ਥੀਸਿਸ ਸਾਮਰਾਜਵਾਦ ਸਰਮਾਏਦਾਰੀ ਦੀ ਅੰਤਮ ਅਵਸਥਾ ਵਿੱਚ ਸੋਧ ਕਰਨ ਬਾਰੇ ਟਿਪਣੀ ਕੀਤੀ ਹੈ। ਪਾਠਕਾਂ ਦੀ ਸਪਸ਼ਟਤਾ ਲਈ ਮੈਂ ਆਪਣੇ ਵਿਚਾਰ ਰੱਖ ਰਿਹਾ ਹਾਂ। ਉਮੀਦ ਹੈ ਸਮਤਾ ਵਿਚ ਛਾਪੋਗੇ ਵੀ ?

ਬੁਰਜੂਆ ਰਾਜਨੀਤਕ 'ਵਿਦਵਾਨ' ਅੱਜ ਕੱਲ ਇਸ ਬਾਰੇ ਬਹੁਤ ਚੀਕ ਚਿਹਾੜਾ ਪਾ ਰਹੇ ਹਨ ਕਿ ਲੈਨਿਨ ਨੇ ਸਾਮਰਾਜਵਾਦ ਨੂੰ ਮਨ ਕਿਨਾਰੇ ਸਰਮਾਏਦਾਰੀ ਦੱਸ ਕੇ ਗਲਤੀ ਕੀਤੀ ਹੈ। ਲੈਨਿਨ ਦੀ ਮੌਤ ਤੋਂ ਮਗਰੋਂ ਸਾਮਰਾਜਵਾਦ ਨੇ ਬੇਅਥਾਹ ਤਰੱਕੀ ਕੀਤੀ ਹੈ। ਸਾਮਰਾਜ ਤਾਂ ਮਰਿਆ ਨਹੀਂ ਪਰ ਤੁਹਾਡੇ ਇਨਕਲਾਬ ਜ਼ਰੂਰ ਫੇਲ੍ਹ ਹੋ ਗਏ ਹਨ।

ਤੁਸੀਂ ਵੀ ਲੈਨਿਨ ਦੇ ਥੀਸਿਸ ਵਿਚ ਸੋਧ ਕਰਨ ਬਾਰੇ ਇਸੇ ਗੱਲ ਨੂੰ ਹੀ ਅਧਾਰ ਬਣਾਇਆ ਹੈ ਕਿ ਸਾਮਰਾਜਵਾਦ ਨੇ ਬਹੁਤ ਤਰੱਕੀ ਕੀਤੀ ਹੈ। ਨਿਊਟਰੋਨ ਤੇ ਕੈਮੀਕਲ ਬੰਬ ਬਣਾ ਲਏ ਨੇ, ਡਾਕਟਰੀ ਤੇ ਹੋਰ ਖੇਤਰਾਂ ਵਿਚ ਵਿਕਾਸ ਕੀਤਾ ਹੈ—ਜੰਗ ਨੇ ਪਹਿਲਾਂ ਨਾਲੋਂ ਵੀ ਖ਼ਤਰਨਾਕ ਰੂਪ ਧਾਰਨ ਕਰ ਲਿਆ ਹੈ। ਮੇਰਾ ਖਿਆਲ ਹੈ ਤੁਸੀਂ ਥੀਸਿਸ ਨੂੰ ਪੜ੍ਹਿਆ ਨਹੀਂ—ਜੇ ਪੜ੍ਹਿਆ ਤਾਂ ਉਸ ਦੇ ਤੱਤ ਨੂੰ ਸਹੀ ਨਹੀਂ ਸਮਝ ਸਕੇ।

ਸਾਮਰਾਜਵਾਦ ਬਾਰੇ ਲੈਨਿਨ ਦੀ ਸਮਝ ਦੀ ਵਿਆਖਿਆ ਕਰਨ ਤੋਂ ਪਹਿਲਾਂ ਇਥੇ ਮੈਂ ਇਕ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮਾਰਕਸਵਾਦ ਲੈਨਿਨਵਾਦ ਨੂੰ ਮੈਂ ਹਾਲਤਾਂ ਪ੍ਰਤੀ ਪਰੋਲੇਤਾਰੀ ਦੀ ਵਿਗਿਆਨਕ ਵਿਚਾਰਧਾਰਾ ਸਮਝਦਾ ਹਾਂ। ਜਿਵੇਂ ਜਿਵੇਂ ਹਾਲਤਾਂ ਬਦਲਣਗੀਆਂ ਉਵੇਂ ਉਵੇਂ ਇਸ ਵਿੱਚ ਵਾਧਾ ਹੋਵੇਗਾ। ਇਸ ਨੂੰ ਲਕੀਰ ਦੇ ਫਕੀਰ ਬਣਕੇ ਪੜ੍ਹਨਾ ਅਧਿਆਤਮਬਾਦੀ ਸੋਚ ਹੈ। ਅੱਜ ਜਦੋਂ ਕੌਮਾਂਤਰੀ ਪੱਧਰ 'ਤੇ ਕਮਿਊਨਿਸਟ ਲਹਿਰ ਨੂੰ ਐਡੀਅ ਵੱਡੀਆਂ ਸੱਟਾਂ ਵੱਜ ਚੁੱਕੀਆਂ ਹਨ ਤਾਂ ਹਰ ਕਮਿਊਨਿਸਟ ਦਾ

ਫ਼ਰਜ਼ ਬਣਦਾ ਹੈ ਕਿ ਉਹ ਸਮੁੱਚੀ ਲਹਿਰ ਦਾ ਅਧਿਐਨ ਕਰੇ ਅਤੇ ਉਹ ਗਲਤੀਆਂ ਲੱਭੇ ਜਿਨ੍ਹਾਂ ਕਰਕੇ ਪਰੋਲੇ-ਤਾਰੀ ਦੀ ਡਿਕਟੇਟਰਸ਼ਿਪ ਫ਼ਾਸ਼ੀਵਾਦੀ ਡਿਕਟੇਟਰਸ਼ਿਪ ਵਿਚ ਬਦਲ ਗਈ। ਰੂਸ, ਚੀਨ, ਅਲਬਾਨੀਆਂ ਆਦਿ ਦੇਸ਼ਾਂ ਦੀਆਂ ਪਾਰਟੀਆਂ ਨਿਘਾਰ ਵੱਲ ਕਿਉਂ ਗਈਆਂ। ਇਨ੍ਹਾਂ ਦੇ ਕਾਰਨ ਲੱਭਣ ਲਈ ਤਰਕ ਬੇਹੱਦ ਜ਼ਰੂਰੀ ਹੈ। ਖਰੁਸ਼ਚੋਵ .ਬਰੇਜ਼ਨੇਵ, ਤੈਂਗ ਹੁਆ ਜੁੰਡੀ ਤੇ ਅਨਵਰ ਹੌਜਾ ਵਰਗੇ ਉਲਟ-ਇਨਕਲਾਬੀ ਗੁਟਾਂ ਨੂੰ ਪਰੋਲੇਤਾਰੀ ਕਿਵੇਂ ਬਰਦਾਸ਼ਤ ਕਰ ਗਿਆ। ਪਿਛਲੀਆਂ ਗਲਤੀਆਂ ਨੂੰ ਦੂਰ ਕੀਤੇ ਬਿਨਾਂ ਇਕ ਵੀ ਕਦਮ ਅਗਾਂਹ ਨਹੀਂ ਪੁਟਿਆ ਜਾ ਸਕਦਾ।

ਤੁਸੀਂ ਸਾਮਰਾਜਵਾਦ ਦੇ ਇਕ ਪੱਖ ਤਕਨੀਕੀ ਆਧਾਰ ਤੋਂ ਦੇਖਕੇ ਇਹ ਸਮਝਦੇ ਰਹੇ ਹੋ। ਸਾਮਰਾਜਵਾਧ ਇਕੱਲੀ ਟੈਕਨਾਲੋਜੀ 'ਤੇ ਹੀ ਆਧਾਰਤ ਨਹੀਂ। ਇਹ ਤਾਂ ਉਸ ਪ੍ਰਕਿਰਿਆ ਦਾ ਇਕ ਅੰਗ ਹੈ ਜਿਸ ਰਾਹੀਂ ਉਹ ਘੱਟ ਸਮੇਂ ਵਿਚ ਵੱਧ ਤੋਂ ਵੱਧ ਪੈਦਾਵਾਰ ਕਰਕੇ ਮਜ਼ਦੂਰਾਂ ਦੀ ਮਿਹਨਤ ਲੁੱਟਦਾ ਹੈ। ਸਾਮਰਾਜੀ ਪੈਦਾਵਾਰੀ ਪ੍ਰਣਾਲੀ ਦੇ ਪੰਜ ਅੰਗ ਹਨ—(1) ਨਿੱਜੀ ਮਾਲਕੀ, (2) ਪੂੰਜੀਵਾਦੀ ਜਿਨਸੀ ਮੰਡੀ, (3) ਪੂੰਜੀਵਾਦੀ ਮਿਹਨਤ ਵੰਡ, (4) ਪੈਦਾਵਾਰ ਦਾ ਪੂੰਜੀਵਾਦੀ ਕੰਟਰੋਲ, (5) ਟੈਕਨਾਲੋਜੀ। ਸਾਮਰਾਜਵਾਦ ਇਨ੍ਹਾਂ ਤੇ ਨਿਰਭਰ ਕਰਦਾ ਹੈ।

ਲੈਨਿਨ ਨੇ ਕਿਤੇ ਵੀ ਇਹ ਨਹੀਂ ਲਿਖਿਆ ਕਿ ਸਾਮਰਾਜਵਾਦ ਤਕਨੀਕੀ ਵਿਕਾਸ ਨਹੀਂ ਕਰ ਸਕਦਾ। ਤੁਸੀਂ ਤਕਨੀਕੀ ਤਰੱਕੀ ਨੂੰ ਵਿਕਾਸ ਸਮਝਦੇ ਹੋ ਜਦੋਂ ਕਿ ਲੈਨਿਨ ਇਸ ਪ੍ਰਬੰਧ ਦੀ ਮੁੱਖ ਵਿਰੋਧਤਾਈ (ਪੈਦਾ-ਵਾਰੀ ਸ਼ਕਤੀਆਂ ਦੀ ਨਿਜੀ ਮਾਲਕੀ ਤੇ ਮਿਹਨਤ ਦਾ ਸਮਾਜੀਕਰਣ) ਚੋਂ ਉਪਜੇ ਸੰਕਟਾਂ ਨੂੰ ਆਧਾਰ ਬਣਾ ਕੇ ਇਸ ਨੂੰ ਸਮਾਜਿਕ ਵਿਕਾਸ ਦੇ ਰਾਹ ਵਿਚ ਰੋੜਾ ਸਿੱਧ ਕਰਦਾ ਹੈ। ਸਮਾਜਿਕ ਵਿਕਾਸ ਦੇ ਰਾਹ ਵਿਚੋਂ ਇਹ ਲੈਨਿਨ ਵੇਲੇ ਵੀ ਰੋੜਾ ਸੀ ਅੱਜ ਵੀ ਹੈ ਤੇ ਉਨਾ ਚਿਰ ਰਹੇਗਾ ਵੀ ਜਿੰਨਾ ਚਿਰ ਪਰੋਲੇਤਾਰੀ ਇਸ ਨੂੰ ਸੰਸਾਰ ਭਰ 'ਚੋਂ ਬੋਟੀ ਬੋਟੀ ਕਰਕੇ ਉਖਾੜ ਨਹੀਂ ਦਿੰਦਾ। ਤਕਨੀਕੀ ਵਿਕਾਸ ਵਿਚ ਇਹ ਰੋਬਟੋ (ਮਸ਼ੀਨੀ ਮਨੁੱਖ) ਤੋਂ ਵੀ ਅਗਾਂਹ ਤਰੱਕੀ ਕਰ ਸਕਦਾ ਹੈ। ਅਸੀਂ ਅੱਜ ਵੀ ਪਰੋਲੇਤਾਰੀ ਇਨਕਲਾਬਾਂ ਦੇ ਚੜਤ ਵਿਚ ਜਾਣ ਤੇ ਸਾਮਰਾਜਵਾਦ ਦੇ ਢਹਿ ਢੇਰੀ ਹੋਣ ਦੇ ਯੁਗ ਵਿਚ ਰਹਿ ਰਹੇ ਹਾਂ।

ਜਿਥੋਂ ਤੱਕ ਜੰਗ ਦਾ ਸਵਾਲ ਹੈ—ਸਾਮਰਾਜ ਹੈ ਹੀ ਜੰਗ। ਇਸ ਪੈਦਾਵਰੀ 'ਚੋਂ ਉਪਜੇ ਸੰਕਟਾਂ ਦਾ ਇਸ ਕੋਲ ਕੋਈ ਹੱਲ ਨਹੀਂ। ਇਸ ਸੰਕਟ ਨੂੰ ਹੱਲ ਕਰਨ ਲਈ ਇਹ ਦੂਜੇ ਦੇਸ਼ਾਂ ਨੂੰ ਬਸਤੀਆਂ ਬਣਾਉਂਦਾ ਹੈ। ਦੂਜੇ ਸਾਮਰਾਜੀ ਧੜਿਆਂ ਤੋਂ ਬਸਤੀਆਂ ਯੁੱਧ ਬਿਨਾਂ ਖੋਹੀਆਂ ਨਹੀਂ ਜਾ ਸਕਦੀਆਂ। ਸੰਸਾਰ ਤੇ ਚੌਧਰ ਜਮਾਉਣ ਦੀ ਦੌੜ ਅੰਤ ਸੰਸਾਰ ਜੰਗ ਦਾ ਰੂਪ ਧਾਰਨ ਕਰ ਲੈਂਦੀ ਹੈ॥

ਅੱਜ ਆਰਥਿਕ ਸੰਕਟ ਬੇਹੱਦ ਵਧ ਜਾਣ ਕਰਕੇ ਸਾਮਰਾਜੀ ਧੜਿਆਂ ਵਿਚਕਾਰ ਖੋਹ ਖਿੰਝ ਤਿੱਖੀ ਹੋਈ ਹੈ। ਰੂਸੀ ਅਮਰੀਕੀ ਸੰਸਾਰ ਚੌਧਰ ਬਣਾਉਣ ਲਈ ਹਰਲ ਹਰਲ ਕਰਦੇ ਫਿਰ ਰਹੇ ਹਨ। ਜਿਸ ਨਾਲ ਤੀਜੀ ਸੰਸਾਰ ਜੰਗ ਦੀ ਸੰਭਾਵਨਾ ਵਧ ਗਈ ਹੈ। ਇਸ ਮਸਲੇ ਬਾਰੇ ਦਰੁਸਤ ਪਹੁੰਚ ਕੀ ਹੋਣੀ ਚਾਹੀਦੀ ਹੈ? ਇਸ ਬਾਰੇ ਸੰਸਾਰ, ਦੀਆਂ ਮਾਰਕਸੀ ਲੈਨਿਨੀ ਪਾਰਟੀਆਂ ਵਿਚ ਤਿੱਖੀ ਵਿਚਾਰਧਾਰਕ ਬਹਿਸ ਚਲ ਰਹੀ ਹੈ। ਜੇ ਇਨਕਲਾਬੀ ਪਾਰਟੀਆਂ ਇਸ ਬਾਰੇ ਦਰੁੱਸਤ ਪੈਂਤੜਾ ਨਹੀਂ ਲੈਂਦੀਆਂ ਤਾਂ ਪਰੋਲੇਤਾਰੀ ਇਨਕਲਾਬਾਂ ਨੂੰ ਲੰਮੇ ਸਮੇਂ ਵਾਸਤੇ ਪਿਛਾਂਹ ਧੱਕ ਰਹੀਆਂ ਹੋਣਗੀਆਂ। ਇਸ ਮਸਲੇ ਬਾਰੇ ਅੱਜ ਸਹੀ ਸਮਝ ਅਪਨਾਉਣੀ ਬੇਹੱਦ ਜ਼ਰੂਰੀ ਹੈ। ਮਾਰਕਸੀ ਲੈਨਿਨੀ ਪਾਰਟੀਆਂ ਨੂੰ ਪਹਿਲੀ ਤਾਂ ਇਸ ਨੂੰ ਟਾਲਣ ਲਈ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਬਾਰੇ ਜਨਤਕ ਘੋਲ ਸ਼ੁਰੂ ਕਰਨੇ ਚਾਹੀਦੇ ਹਨ। ਦੂਜੀ, ਜੇ ਇਹ ਕੋਸ਼ਿਸ਼ਾਂ ਦੇ ਬਾਵਜੂਦ ਵੀਹਰ ਕੇ ਲੱਗ ਜਾਂਦੀ ਹੈ ਤਾਂ ਇਸ ਨੂੰ ਘਰੇਲੂ ਯੁਧ ਬਦਲਣ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਇਸ ਨੂੰ ਘਰੇਲੂ ਯੁਧ ਵਿਚ ਤਾਂ ਹੀ ਬਦਲਿਆ ਜਾ ਸਕੇਗਾ ਜੇ ਪਰੋਲੇਤਾਰੀ ਪਾਰਟੀਆਂ ਦਾ ਲੋਕਾਂ ਵਿਚ ਤਕੜਾ ਅਧਾਰ ਮੌਜੂਦ ਹੋਵੇਗਾ—ਬੇਸਿਕ ਜਮਾਤਾਂ ਇਨਕਲਾਬੀ ਰਾਜਨੀਤੀ ਨਾਲ ਲੈਸ ਹੋਣਗੀਆਂ। ਮਾਰਕਸਵਾਦ ਲੈਨਿਨਵਾਦ ਅਨੁਸਾਰ ਇਹ ਦਰੁਸਤ ਪੈਂਤੜਾ ਬਣਦਾ ਹੈ।

ਪਰ ਅੱਜ ਸੰਸਾਰ ਜੰਗ ਬਾਰੇ ਕੌਮਾਂਤਰੀ ਪੱਧਰ 'ਤੇ ਦਰੁਸਤ ਪੈਂਤੜਾ ਕੁਝ ਗਿਣਵੀਆਂ ਚੁਣਵੀਆਂ ਪਾਰਟੀਆਂਹੀ ਲੈ ਰਹੀਆਂ ਹਨ। ਆਰ.ਸੀ.ਪੀ.ਆਫ ਅਮਰੀਕਾ ਤੇ ਚਿੱਲੀ ਦੀ ਕਮਿਉ. ਪਾਰਟੀ ਦੀ ਪਹਿਲ ਕਦਮੀ ਤੇ ਉਸਾਰੀ ਜਾ ਰਹੀ ਇੰਟਰਨੈਸ਼ਨਲ ਦੀ ਮੋਟੇ ਤੌਰ ਤੇ ਇਹੀ ਸਮਝ ਹੈ ਪਰ ਸੰਸਾਰ ਪ੍ਰਬੰਧ ਬਾਰੇ ਉਨ੍ਹਾਂ ਦੀ ਸਮਝ ਇਕ ਪਾਸੜ ਹੈ। ਮੁੱਖ ਕੌਮਾਂਤਰੀ ਵਿਰੋਧਤਾਈ ਸਾਮਰਾਜਵਾਦ ਤੇ ਉਹਦੇ ਏਜੰਟ ਅਤੇ ਪਰੋਲੇਤਾਰੀ ਤੇ ਉਸਦੇ ਸਹਿਯੋਗੀਆਂ ਵਿਚਕਾਰ ਮੰਨਣ ਦੀ ਬਜਾਏ ਸਾਮਰਾਜੀਆਂ ਦੇ ਅੰਤਰ ਵਿਰੋਧਾਂ ਨੂੰ ਮੰਨ ਕੇ ਗਲਤ ਦਿਸ਼ਾ ਤਹਿ ਕਰ ਰਹੀ ਹੈ। ਫੇਰ ਵੀ ਕੌਮਾਂਤਰੀ ਬਣਾਉਣ ਦੇ ਉਨ੍ਹਾਂ ਦੇ ਯਤਨ ਸ਼ਲਾਘਾਯੋਗ ਹਨ।

ਭਾਰਤ ਵਿੱਚ ਕੰਮ ਕਰ ਰਹੀ ਪਰੋਲੇਤਾਰੀ ਪਾਰਟੀ (ਇਕ ਕ੍ਰਾਂਤੀਕਾਰੀ ਵਿਚਾਰ) ਹੀ ਇਸ ਬਾਰੇ ਦਰੁਸਤ ਪੈਂਤੜਾ ਲੈ ਸਕੀ ਹੈ। ਬਾਕੀ ਗਰੁੱਪ ਇਸ ਨੂੰ ਘਟਾ ਵਧਾ ਕੇ ਦੇਖ ਰਹੇ ਹਨ। ਉਨ੍ਹਾਂ ਦੀ ਇਸ ਗਲਤੀ ਦੀ ਜੜ੍ਹ ਸੰਸਾਰ ਪ੍ਰਬੰਧ ਨੂੰ ਇਕ ਇਕਾਈ ਨਾ ਮੰਨਣ ਵਿਚ ਹੈ। ਕੁਝ ਗਰੁੱਪ ਇਸ ਨੂੰ ਬਰੂਹਾਂ 'ਤੇ ਖੜੀ ਦੱਸ ਕੇ ਸਭ ਕੁਝ ਹੀ ਇਸ ਨੂੰ ਸਮਝ ਰਹੇ ਹਨ। ਪਾਰਟੀ ਬਣਾਉਣਾ, ਬੁਨਿਆਦੀ ਜਮਾਤਾਂ ਨੂੰ ਇਨਕਲਾਬੀ ਰਾਜਨੀਤੀ ਨਾਲ ਲੈਸ ਕਰਨ ਵਰਗੇ ਮਹੱਤਵਪੂਰਨ ਕੰਮਾਂ ਅੱਖੋਂ ਪਰੋਖੇ ਕਰ ਰਹੇ ਹਨ। ਭਾਰਤ ਵਿਚ ਸਭ ਤੋਂ ਅਹਿਮ ਕਾਰਜ ਅੱਜ ਇਕ ਇਨਕਲਾਬੀ ਪਾਰਟੀ ਦੀ ਉਸਾਰੀ ਕਰਨਾ ਹੈ।

ਤਿੰਨ ਦੁਨੀਆਂਵਾਦੀ ਇਸ ਜੰਗ ਬਾਰੇ ਰੂਸੀ ਸਾਮਰਾਜ ਦੇ ਖਿਲਾਫ (ਹਮਲਾਵਰ ਦੱਸ ਕੇ ਅਮਰੀਕਨ ਸਾਮਰਾਜ ਨਾਲ (ਗੈਰ ਹਮਲਾਵਰ ਦੱਸ ਕੇ) ਸਾਂਝਾ ਮੋਰਚਾ ਬਣਾਉਣ ਦੀ ਲਾਇਨ ਤੇ ਚਲਦੇ ਹੋਏ ਪਰੋਲੇਤਾਰੀ ਇਨਕਲਾਬਾਂ ਨੂੰ ਸਣਕੁੱਕੜੇ ਦਾ ਕਾੜ੍ਹਾ ਦੇਣ ਰੁੱਝੇ ਹੋਏ ਹਨ। C. P. I. ਤੇ C. P. M. ਅਮਰੀਕੀ ਸਾਮਰਾਜ-ਵਾਦ ਨੂੰ ਮੁਖ ਖ਼ਤਰਾ ਦੱਸਦੇ ਹੋਏ ਰੂਸ ਨਾਲ (ਸੋਸ਼ਲਿਸਟ

Post Office No. PA/R—33
Registred With Registrar News Paper Vide No. MA/12397-D dated 14.8.80.

ਦਸਕੇ) ਗਠਜੋੜ ਦੀ ਨੀਤੀ ਅਪਨਾ ਰਹੇ ਹਨ।

ਲੈਨਿਨ ਸੋਸ਼ਲਿਜ਼ਮ ਤੇ ਜੰਗ ਕਿਤਾਬ ਵਿਚ ਦੂਜੀ ਇੰਟਰਨੈਸ਼ਨਲ ਦੀ ਕਾਉਟਸਕੀ ਦੀ ਲਾਇਨ 'ਤੇ ਟਿਪਣੀ ਕਰਦਾ ਲਿਖਦਾ ਹੈ ਕਿ ਅੱਜ ਜਿਹੜੇ ਵੀ ਇਸ ਯੁਧ ਬਾਰੇ ਹਮਲਾਵਰ ਤੇ ਗੈਰ ਹਮਲਾਵਰ ਦਾ ਸਿਧਾਂਤ ਪੇਸ਼ ਕਰ ਰਹੇ ਹਨ ਉਹ ਪਰੋਲੇਤਾਰੀ ਇਨਕਲਾਬਾਂ ਨਾਲ, ਮਾਰਕਸਵਾਦ ਨਾਲ ਨੰਗੀ ਚਿੱਟੀ ਗਦਾਰੀ ਕਰ ਰਹੇ ਹਨ। ਸਾਨੂੰ ਇਸ ਨੂੰ (ਪਹਿਲੇ ਸੰਸਾਰ ਯੁੱਧ ਨੂੰ) ਉਸ ਦ੍ਰਿਸ਼ਟੀ ਤੋਂ ਨਹੀਂ ਦੇਖਣਾ ਚਾਹੀਦਾ ਜਿਸ ਤੋਂ ਕਾਉਟ-ਸਕੀ ਦੇਖ ਰਿਹਾ ਹੈ। ਸਾਨੂੰ ਦੇਖਣਾ ਇਹ ਚਾਹੀਦਾ ਹੈ ਕਿ ਇਹ ਜੰਗ ਲੜੀ ਕਿਸ ਮਕਸਦ ਵਾਸਤੇ ਜਾ ਰਹੀ ਹੈ। ਇਹ ਜੰਗ ਸਰਮਾਏਦਾਰ ਧੜਿਆਂ ਦਾ ਆਪਸੀ ਭੇੜ ਹੈ। ਪਿਤਾ ਭੂਮੀ ਦੀ ਰੱਖਿਆ ਦਾ ਨਾਅਰਾ ਦੇਣ ਵਾਲਾ ਕਾਉਟਸਕੀ ਅੱਜ ਸਰਮਾਏਦਾਰਾਂ ਨਾਲ ਜਾ ਮਿਲਿਆ ਹੈ। ਸਾਨੂੰ ਇਸ ਯੁਧ ਨੂੰ ਘਰੇਲੂ ਜੰਗ ਵਿਚ ਬਦਲਣ ਦੀ ਤਿਆਰੀ ਕਰਨੀ ਚਾਹੀਦੀ ਹੈ।

ਇਹ ਦਰੁਸਤ ਪੈਂਤੜਾ ਅਖਤਿਆਰ ਕਰਨ ਤੋਂ ਕੁਝ ਦੇਰ ਬਾਅਦ (ਅੰਦਾਜ਼ਾ ਤਿੰਨ ਚਾਰ ਵਰ੍ਹੇ) ਰੂਸ ਵਿਚ ਪਰੋਲੇਤਾਰੀ ਇਨਕਲਾਬ ਸ਼ਾਨ ਨਾਲ ਜੇਤੂ ਹੋਇਆ।

ਲੈਨਿਨ ਦੀ ਮੌਤ ਤੋਂ ਬਾਅਦ ਰੂਸੀ ਕਮਿਊਨਿਸਟ ਪਾਰਟੀ ਨੇ ਹਾਲਤਾਂ ਨੂੰ ਗਲਤ ਅੰਗਿਆ ਤੇ ਸਾਮਰਾਜ-ਵਾਦ ਬਾਰੇ ਇਕ ਪਾਸੜ ਸਮਝ ਅਪਨਾਈ। ਉਸਨੇ ਵੀ ਸਾਮਰਾਜਵਾਦ ਨੂੰ ਸਿਰਫ ਤਕਨੀਕੀ ਤੇ ਨਿਜੀ ਮਾਲਕੀ ਦੀ ਦ੍ਰਿਸ਼ਟੀ ਨਾਲ ਦੇਖਿਆ। ਨਿਜੀ ਮਾਲਕੀ ਦੇ ਖਾਤਮੇ ਨੂੰ ਉਨ੍ਹਾਂ ਨੇ ਰੂਸ ਵਿਚ ਸਾਮਰਾਜਵਾਦ ਦਾ ਖਾਤਮਾ ਸਮਝਿਆ। ਸਾਮਰਾਜਵਾਦ ਨੂੰ ਸੰਸਾਰ 'ਚੋਂ ਹਟਾਉਣ ਦੀ ਬਜਾਏ ਰੂਸ ਨੂੰ ਉਸ ਦੇ ਮੁਕਾਬਲੇ ਉਸਾਰਨ ਦਾ ਕੰਮ ਮੁੱਖ ਕਢਿਆ। ਇਸ ਮਕਸਦ ਨੂੰ ਪੂਰਾ ਕਰਨ ਲਈ ਰੂਸ ਕਮਿਊ. ਪਾਰਟੀ ਨੇ 1924 ਵਿਚ ਹੋਈ ਪਾਰਟੀ ਕਾਂਗਰਸ ਵਿਵ "ਇਕ ਮੁੱਲਕ ਵਿਚ ਸੰਪੂਰਨ ਸਮਾਜਵਾਦ" ਦਾ ਸਿਧਾਂਤ ਪਾਸ ਕੀਤਾ। ਇਸ ਸਿਧਾਂਤ ਦੀ ਦ੍ਰਿਸ਼ਟੀ 'ਚ ਰੂਸ ਦੀ ਤਕਨੀਕੀ ਉਸਾਰੀ ਦਾ ਕੰਮ ਪਹਿਲੇ ਦਰਜੇ ਦਾ ਕੰਮ ਬਣ ਗਿਆ ਤੇ ਸੰਸਾਰ ਪਰੋਲੇਤਾਰੀ ਇਨਕਲਾਬ ਦੋ ਨੰਬਰ ਦਾ ਕਾਜ ਬਣ ਗਿਆ। ਇਹੀ ਸਿਧਾਂਤ 1928 ਦੀ ਇੰਟਰਨੈਸ਼ਨਲ ਵਿਚ ਪਾਸ ਹੋਇਆ। ਇਸ ਸਿਧਾਂਤ ਦੇ ਸਿਟੇ ਕੀ ਨਿਕਲੇ ਹਨ? ਇੰਟਰਨੈਸ਼ਨਲ ਦੇ ਦਸਤੇ ਦੇ ਰੂਪ ਵਿਚ, ਆਪਣੇ ਆਪਣੇ ਨੂੰ ਇੰਟਰ-ਨੈਸ਼ਨਲ ਦਾ ਇਕ ਅੰਗ ਮੰਨਣ ਦੇ ਕੌਮਾਂਤਰੀ ਦ੍ਰਿਸ਼ਟੀਕੋਨ ਨੂੰ ਛੱਡ ਸਾਰੀਆਂ ਪਾਰਟੀਆਂ ਕੌਮੀ ਪਾਰਟੀਆਂ 'ਚ ਬਦਲ ਗਈਆਂ। ਆਪਣੇ ਦੇਸ਼ ਦਾ ਇਨਕਲਾਬ ਹੀ ਅੰਤਮ-ਕਾਜ਼ ਬਣ ਗਿਆ। ਇਹ ਉਨ੍ਹਾਂ ਪਾਰਟੀਆਂ ਦਾ ਕੌਮਵਾਦ ਵੱਲ ਨਿਘਾਰ ਸੀ। ਕੌਮਵਾਦ ਬੁਰਜੂਆਂ ਪਾਰਟੀਆਂ ਦਾ ਆਦਰਸ਼ ਹੁੰਦਾ ਹੈ। ਇਸ ਨਾਲ ਸੰਸਾਰ 'ਚ ਜੇਤੂ ਹੁੰਦੀਆਂ ਜਾਂ ਰਹੀਆਂ ਪਾਰਟੀਆਂ ਬਜਾਏ ਆਪਣੀ ਡੀਫੈਂਸ ਤੇ ਆਰਥਿਕਤਾ ਸਾਂਝੀ ਕਰਨ ਵੱਲ ਵੱਧਣ ਦੇ, ਇਕ ਸਮਾਜਵਾਦੀ ਭਾਈਚਾਰੇ ਦਾ ਸੰਗਠਨ ਕਰਨ ਦੀ ਥਾਂ ਆਪਣੇ ਆਪਣੇ ਦੇਸ਼ਾਂ ਵਿਚ 'ਸਮਾਜਵਾਦ' ਉਸਾਰਨ ਵੱਲ ਰੁੱਝ ਗਈਆਂ। ਰੂਸ ਵਿਚ ਬੇਹੱਦ ਸਨਅਤੀ ਤਰੱਕੀ ਹੋਈ। ਕਾਰਖਾਨੇ ਸੰਭਾਲਣ ਤੇ ਚਲਾਉਣ ਲਈ ਮੈਨੇਜਰ ਤੇ ਤਕਨੀਸ਼ੀਅਨ ਲਾਏ ਗਏ। ਦੇਸ਼ ਦੀਆਂ ਪੈਦਾਵਾਰੀ ਸ਼ਕਤੀਆਂ ਦਾ ਕੰਟਰੋਲ ਪਰੋਲੇ-ਤਾਰੀ ਦੇ ਹੱਥਾਂ 'ਚ ਆਉਣ ਦੀ ਬਜਾਏ ਇਸ ਟੈਕਨੋਕਰੇਟ ਜਮਾਤ (ਦਿਮਾਗੀ ਮਿਹਨਤ ਕਰਨ ਵਾਲੀ ਜਮਾਤ) ਦੇ ਹੱਥ ਆ ਗਿਆ। ਸਰੀਰਕ ਮਿਹਨਤ ਤੇ ਦਿਮਾਗੀ ਮਿਹਨਤ ਦਾ ਕਬਜ਼ਾ ਹੋ ਗਿਆ। ਸਾਮਰਾਜੀ ਸਿਸਟਮ ਦੇ ਪੰਜਾਂ ਅੰਗਾਂ ਚੋਂ ਇਕ ਦਾ ਨਿੱਜੀ ਮਾਲਕੀ ਦਾ ਖਾਤਮਾ ਹੋ ਚੁਕਿਆ ਸੀ। ਦੂਜੇ ਤੱਤ ਪਹਿਲਾਂ ਵਾਂਗ ਹੀ ਉਪਰੇਟ ਕਰ ਰਹੇ ਸਨ। ਵਿਸ਼ੇਸ਼ ਅਧਿਕਾਰਾਂ ਵਾਲੀ ਜਮਾਤ ਮੈਨੇਜਰ ਤੇ ਤਕਨੀਸ਼ੀਅਨ ਰਾਜ ਦੀ ਮਜ਼ਬੂਤੀ ਵਾਸਤੇ ਪਰੋਲੇਤਾਰੀ ਤੋਂ ਕੰਮ ਲੈ ਰਹੀ ਸੀ। ਦੂਜੇ ਸ਼ਬਦਾਂ ਵਿਚ ਪਰੋਲੇਤਾਰੀ ਦੀ ਮਿਹਨਤ ਦਾ ਵਾਧੂ ਮੁੱਲ ਨਿਚੋੜ ਰਹੀ ਸੀ। ਰਾਜ ਆਰਥਿਕ ਪੱਖੋਂ ਮਜ਼ਬੂਤ ਹੁੰਦਾ ਗਿਆ। ਸਟਾਲਿਨ ਵੇਲੇ ਇਹ ਪ੍ਰਕਿਰਿਆ ਕੌਮੀ ਹਾਲਤਾਂ ਵਿਚ ਹੀ ਚਲ ਰਹੀ ਸੀ। ਖਰੁਸ਼ਚੋਵ ਤੇ ਬਰੇਜਨੇਵ ਜੁੰਡੀ ਨੇ ਇਸ ਨੂੰ ਕੌਮਾਂਤਰੀ ਪੱਧਰ ਤੇ ਲਾਗੂ ਕਰਨਾ ਸ਼ੁਰੂ ਕਰ ਦਿਤਾ। ਦੂਜੇ ਦੇਸ਼ਾਂ ਵਿਚ ਪਰੋਲੇਤਾਰੀ ਇਨਕਲਾਬਾਂ ਦੇ ਫੇਲ ਹੋਣ ਦੇ ਕਾਰਣ ਵੀ ਇਹੀ ਹੈ ਕਿ ਕੌਮਾਂਤਰੀਵਾਦ ਨੂੰ ਛੱਡ ਕੇ ਕੌਮਵਾਦ ਦੇ ਰਾਹ ਤੇ ਪੈ ਜਾਣਾ। ਸਤਾ ਪਰੋਲੇਤਾਰੀ ਦੇ ਹੱਥੀਂ ਨਾ ਦੇਣ ਵੱਲ ਵਧਣਾ ਅਰਥਾਤ ਪਾਰਟੀ ਨੇ ਹੀ ਸਾਂਭੀ ਰੱਖਣਾ। ਸਾਮ-ਰਾਜੀ ਪੈਦਾਵਾਰੀ ਪ੍ਰਣਾਲੀ ਦੇ ਨਿਯਮਾਂ ਨੂੰ ਖਤਮ ਕਰਨ ਵੱਲ ਨਾ ਵਧਣਾ। ਸੰਸਾਰ ਨੂੰ ਇਕ ਇਕਾਈ ਮੰਨਣ ਦੀ ਬਜਾਏ ਆਪਣੇ ਆਪਣੇ ਦੇਸ਼ਾਂ ਨੂੰ ਇਕਾਈ ਮੰਨਣਾ ਤੇ ਨਿਜੀ ਮਾਲਕੀ ਦੇ ਖਾਤਮੇ ਨੂੰ ਸਾਮਰਾਜਵਾਦ ਦਾ ਖਾਤਮਾ ਸਮਝਣਾ। ਪਰੋਲੇਤਾਰੀ ਦੀ ਸੰਸਾਰ ਇਨਕਲਾਬ ਦੀ ਜੁੰਮੇਵਾਰੀ ਤੋਂ ਮੂੰਹ ਭਵਾ ਲੈਣਾ ਜਾਂ ਰਸਮੀ ਤੌਰ ਤੇ ਮੰਨਣਾ। ਇਹ ਕਾਰਨ ਹਨ ਜਿਨ੍ਹਾਂ ਕਰਕੇ ਪਰੋਲੇਤਾਰੀ ਦਾ ਆਗੂ ਦਸਤਾ ਹੋਣ ਵਾਲੀਆਂ ਪਾਰਟੀਆਂ ਨੌਕਰਸ਼ਾਹ ਰਾਜਕੀ ਇਜਾਰੇਦਾਰ ਸਰਮਾਏਦਾਰ ਪਾਰਟੀਆਂ ਦੇ ਰੂਪ 'ਚ ਨਿਘਰ ਗਈਆਂ।

ਅਸੀਂ ਅੱਜ ਵੀ ਲੈਨਿਨ ਦੇ ਯੁੱਗ ਵਿਚ ਰਹਿ ਰਹੇ ਹਾਂ। ਅੱਜ ਵੀ ਸਾਮਰਾਜਵਾਦ ਦੇ ਢਹਿਢੇਰੀ ਹੋਣ ਦਾ ਤੇ ਪਰੋਲੇਤਾਰੀ ਇਨਕਲਾਬਾਂ ਦੇ ਚੜਤ ਵੱਲ ਜਾਣ ਦਾ ਯੁੱਗ ਹੈ। ਲੈਨਿਨ ਵਲੋਂ ਇਸ ਯੁੱਗ ਦੀ ਇਤਿਹਾਸਕ ਕਾਲ ਵਾਸਤੇ ਤਹਿ ਕੀਤੀ ਸਮਝ, ਮੁੱਖ ਵਿਰੋਧਤਾਈ ਸਾਮਰਾਜ ਤੇ ਪਰੋਲੇਤਾਰੀ ਅੱਜ ਵੀ ਸਹੀ ਹੈ। ਅੱਜ ਲੋੜ ਲੈਨਿਨਵਾਦ ਵਿਚ ਸੋਧ ਕਰਨ ਦੀ ਨਹੀਂ—ਲੈਨਿਨ ਦੀ ਮੌਤ ਤੋਂ ਬਾਅਦ ਕਮਿਊਨਿਸਟ ਪਾਰਟੀਆਂ ਵਲੋਂ ਅਪਣਾਈ ਐਂਟੀ-ਲੈਨਿਨਵਾਦ ਸਮਝ ਨੂੰ ਛੱਡ ਕੇ ਪਰੋਲੇਤਾਰੀ ਇਨਕਲਾਬਾਂ ਦਾ ਝੰਡਾ ਉਚਾ ਚੁਕਣ ਦੀ ਹੈ ਮੌਕਾਪ੍ਰਸਤੀ ਦੇ ਖਿਲਾਫ ਬੇਕਿਰਕ ਘੋਲ ਚਲਾਉਂਦੇ ਹੋਏ, ਇਨਕਲਾਬੀ ਬੁਰਕਿਆਂ 'ਚ ਲੁਕੀ ਮੌਕਾਪ੍ਰਸਤ ਲੀਡਰਸ਼ਿਪ ਨੂੰ ਇਨਕਲਾਬੀ ਕਾਡਰ 'ਚੋਂ, ਇਨਕਲਾਬੀ ਸਫ਼ਾਂ 'ਚੋਂ ਨਿਖੇੜਦੇ ਹੋਏ ਅਗਾਂਹ ਵਧਣਾ ਚਾਹੀਦਾ ਹੈ। ਮੌਕਾਪ੍ਰਸਤੀ ਨੂੰ ਹਾਰ ਦਿਤੇ ਬਿਨਾਂ ਸਾਮਰਾਜ-ਵਾਦ ਨੂੰ ਹਰਾਇਆ ਨਹੀਂ ਜਾ ਸਕਦਾ।

—ਹਰਜਿੰਦਰਮੀਤ ਫਰੀਦਕੋਟ